Akhand Kirtani Jatha (Regd.) Chandigarh

# ਆਤਮ ਰੰਗ

ੴ

ਜਿਲਦ ੨੯ ਨਵੰਬਰ 2021 ਕੱਤਕ-ਮੱਘਰ 553 ਨਾਨਕਸ਼ਾਹੀ November 2021 ਅੰਕ 11

## ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥




ਬਾਬੇ ਨਾਨਕ ਜੀ ਦਾ 552 ਸਾਲਾ ਪ੍ਰਕਾਸ਼ ਉਤਸਵ ਸਾਰਾ ਸੰਸਾਰ ਦੇਸ਼ ਪ੍ਰਦੇਸ਼ ਵਿਚ ਬੜੇ ਪਿਆਰ, ਸਤਿਕਾਰ ਤੇ ਰੀਜਾਂ ਨਾਲ ਮਨਾ ਰਿਹਾ ਹੈ। ਅਖੰਡ ਕੀਰਤਨੀ ਜੱਥਾ, ਜਲੰਧਰ ਵੱਲੋਂ 17.11.2021 ਤੋਂ 20.11.2021 ਤਕ, ਹਰ ਸਾਲ ਦੀ ਤਰ੍ਹਾਂ, ਇਹ ਸਲਾਨਾ ਸਮਾਗਮ ਲਾਇਲਪੁਰ ਖਾਲਸਾ ਸੀਨੀਅਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਮਨਾਇਆ ਜਾ ਰਿਹਾ ਹੈ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਦਰਸ਼ਨ ਦਿਦਾਰੇ ਬਖਸ਼ੋ ਜੀ।

ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥
ਹਰਿ ਕੀਰਤਿ ਸਾਧ ਸੰਗਤਿ ਹੈ ਸਿਰ ਕਰਮਨ ਕੇ ਕਰਮਾ ॥



















ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 11.10.2021 ਤੋਂ ਲੈ ਕੇ 17.10.2021 ਤਕ ਅਖੰਡ ਕੀਰਤਨੀ ਜੱਥਾ, ਦਿੱਲੀ ਵਲੋਂ, ਦਿੱਲੀ ਦੇ ਵਖੋ-ਵੱਖ ਇਤਿਹਾਸਿਕ ਗੁਰਦੁਆਰਿਆਂ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀਆਂ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲਾ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

ੴ ਠਾਕੁਰ ਗਾਈਐ ਆਤਮ ਰੰਗਿ ੴ

Akhand Kirtani Jatha (Regd.) Chandigarh

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

*ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।*

ਜਿਲਦ ੨੯ ਨਵੰਬਰ 2021 ਕੱਤਕ-ਮੱਘਰ 553 ਨਾਨਕਸ਼ਾਹੀ November 2021 ਅੰਕ 11



***ਬਾਨੀ ਤੇ ਸਾਬਕਾ ਮੁੱਖ ਸੰਪਾਦਕ***
*ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ, ਚੰਡੀਗੜ੍ਹ*

***ਮੁੱਖ ਸੰਪਾਦਕ*** *- ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

***ਦਫ਼ਤਰ***
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245*

**E-mail :** atamrang3@gmail.com

***ਕਾਨੂੰਨੀ ਸਲਾਹਕਾਰ***
*ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ*


**ਚੰਦਾ**

| | |
|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ |
| ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ |
| ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

**"This Gurmat Magazine contains Gurbani, please treat with respect."**
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

## ਤਤਕਰਾ


- ਸੰਪਾਦਕੀ 4
- ਨਵੰਬਰ ਮਹੀਨੇ ਦੇ ਇਤਿਹਾਸਿਕ ਦਿਨ 5
  *- ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ*
- ਬਾਰਹ ਮਾਹ ਕਥਾ - *(ਸਵਰਗਵਾਸੀ) ਪ੍ਰਿੰਸੀਪਲ ਗੰਗਾ ਸਿੰਘ ਜੀ* 6
- ਜੀਵਨ ਘਟਨਾਵਲੀ - ਸ੍ਰੀ ਗੁਰੂ ਨਾਨਕ ਦੇਵ ਜੀ 6
  *- ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ*
- ਜੇਲ੍ਹ ਚਿੱਠੀਆਂ 7
  *- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਮਰ ਸਖਸ਼ੀਅਤ 9
  *- (ਗੁਰਪੁਰਵਾਸੀ) ਪ੍ਰਿ. ਗੁਰਮੁਖ ਸਿੰਘ ਜੀ, ਪਟਿਆਲਾ*
- ਜਨਮ ਅਸਥਾਨ ਨਨਕਾਣਾ ਸਾਹਿਬ ਦਾ ਇਤਿਹਾਸਕ ਪਿਛੋਕੜ 11
  *- ਭਾਈ ਹਰਵਿੰਦਰ ਸਿੰਘ ਜੀ ਖਾਲਸਾ, ਬਠਿੰਡਾ*
- ਗੁਰੂ ਨਾਨਕ ਬਾਣੀ ਦੀ ਕ੍ਰਾਂਤੀਕਾਰੀ ਮਾਨਵੀ ਸੰਵੇਦਨਾ 13
  *- ਡਾ. ਚਮਕੌਰ ਸਿੰਘ ਜੀ, ਪਟਿਆਲਾ*
- ... ਗੁਰੂ ਨਾਨਕ ਜਿਨ ਸੁਣਿਆ ਪੇਖਿਆ 16
  *- ਭਾਈ ਰਮੇਸ਼ ਬੱਗਾ ਚੋਹਲਾ ਜੀ, ਲੁਧਿਆਣਾ*
- ਬਾਬਾ ਨਾਨਕ - ਇਲਾਹੀ ਅਧਿਆਪਕ 21
  *- ਐਡਵੋਕੇਟ ਰਵਿੰਦਰ ਸਿੰਘ ਸੈਂਪਲਾ, ਚੰਡੀਗੜ੍ਹ*
- ਧੰਨ ਗੁਰੂ ਨਾਨਕ ਦੇਵ ਜੀ ਅਤੇ ਛਨੀਂਛਰ ਕੀ ਕਥਾ 23
  *- ਭਾਈ ਦਵਿੰਦਰ ਸਿੰਘ ਜੀ, ਡੀ. ਐਸ. ਪੀ., ਜਗਾਧਰੀ*
- ਮੰਗਲਾਚਰਣ ਦੇ ਉਚਾਰਣ ਸਬੰਧੀ ਇਕ ਵੱਡਾ ਭੁਲੇਖਾ 24
  *- ਭਾਈ ਗੁਰਦੀਪ ਸਿੰਘ ਜੀ, ਅੰਮ੍ਰਿਤਸਰ*


**ਸਰਬੱਤ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ, ਸਹਿਜ ਪਾਠ ਕਰ ਕੇ ਕਰੋ ਜੀ।**


*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*



ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

## *ਸੰਪਾਦਕੀ...*

ਸਤਿਗੁਰੂ ਨਾਨਕ ਦੇਵ ਜੀ ਦੇ ੫੫੨ ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ ਆਤਮ ਰੰਗ ਦੇ ਸਮੂਹ ਪਾਠਕਾਂ ਨੂੰ ਲੱਖ ਲੱਖ ਵਧਾਈਆਂ! ਸਤਿਗੁਰਾਂ ਦੇ ਚੋਜ ਸਦਾ ਅਗੰਮੀ ਹੁੰਦੇ ਹਨ, ਭਾਵੇਂ ਸੰਸਾਰੀ ਬਿਰਤੀ ਵਾਲੇ ਹਿੰਦੂ ਮੁਸਲਮਾਨ ਆਪ ਜੀ ਦੇ ਵਰਤਾਏ ਚੋਜਾਂ ਨੂੰ ਸਮੇਂ ਦੀ ਬੱਧੀ ਹੋਈ ਮਰਿਆਦਾ ਤੋਂ ਉਲਟ ਹੀ ਸਮਝਦੇ ਰਹੇ। ਜਨੇਊ ਪਾਉਣਾ ਹਰ ਇਕ ਹਿੰਦੂ ਲੜਕੇ ਲਈ ਲਾਜ਼ਮੀ ਮਰਿਆਦਾ ਮੰਨੀ ਜਾਂਦੀ ਹੈ। ਹਿੰਦੂ ਇਸਤਰੀ ਨੂੰ ਜਨੇਊ ਪਾਉਣ ਦੀ ਮਨਾਹੀ ਹੈ। ਜੋ ਵਿਅਕਤੀ ਇਸ ਧਾਰਮਿਕ ਮਰਿਆਦਾ ਦੇ ਵਿਰੁੱਧ ਆਕੀ ਹੋ ਖਲੋਵੇ, ਉਸ ਨੂੰ ਬਰਾਦਰੀ ਵਿੱਚੋਂ ਕੱਢ ਦਿੱਤਾ ਜਾਂਦਾ ਸੀ। ਇਸ ਯਗੋਪਵੀਤ (ਜਨੇਊ) ਨੂੰ ਕੌਡੀਆਂ ਦੇ ਮੁੱਲ ਖ਼ਰੀਦੇ ਜਾਣ ਵਾਲਾ ਦੱਸ ਕੇ ਇਸ ਦੀ ਮਹਾਨਤਾ ਨੂੰ ਛੁਟਿਆਉਣ ਦੀ ਜੁਰਅਤ ਕੇਵਲ ਗੁਰੂ ਨਾਨਕ ਦੇਵ ਜੀ ਹੀ ਕਰ ਸਕਦੇ ਸਨ :

***ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥ ਅੰਗ - ੪੭੧***

ਕਵੀ ਤੁਲਸੀ ਦਾਸ ਜਿਸਨੇ ਰਾਮ ਚਰਿੱਤ ਮਾਨਸ ਵਿਚ ਸ੍ਰੀ ਰਾਮ ਚੰਦਰ ਨੂੰ ਮਰਿਆਦਾ ਦਾ ਉਤਮ-ਪੁਰਸ਼ (ਮਰਿਆਦਾ ਪੁਰਸ਼ੋਤਮ) ਦਰਸਾਅ ਕੇ ਇਸ ਗੱਲ ਉੱਤੇ ਜ਼ੋਰ ਦਿੱਤਾ ਹੈ ਕਿ ਸ੍ਰੀ ਰਾਮ ਚੰਦਰ ਵਰਗੇ ਰਾਜੇ ਭੀ ਬ੍ਰਾਹਮਣਾਂ ਦੀ ਬੱਧੀ ਹੋਈ ਮਰਿਆਦਾ ਦਾ ਉਲੰਘਣ ਨਹੀਂ ਸਨ ਕਰਦੇ। ਪਰ ਗੁਰੂ ਨਾਨਕ ਦੇਵ ਜੀ ਨੇ ਮੁੱਢ ਤੋਂ ਹੀ ਇਸ ਵਿਚਾਰ ਦਾ ਡੱਟ ਕੇ ਵਿਰੋਧ ਕੀਤਾ, ਭਾਵੇਂ ਇਸ ਦੇ ਫਲਸਵਰੂਪ ਆਪ ਜੀ ਨੂੰ ਬ੍ਰਾਹਮਣਾਂ ਨੇ ਕੁਰਾਹੀਆ ਕਹਿ ਕੇ ਖੂਬ ਭੰਡਿਆ। ਪਰ ਚੋਜੀ ਪ੍ਰੀਤਮ ਨੇ ਅਗੰਮੀ ਗਿਆਨ ਦੇ ਚਾਨਣੇ ਵਿਚ ਬ੍ਰਾਹਮਣ ਦੀ ਹਰ ਪ੍ਰਕਾਰ ਦੀ ਮਰਿਆਦਾ ਤੋੜੀ ਅਤੇ ਆਪਣੇ ਸਿੱਖਾਂ ਨੂੰ ਹਜ਼ਾਰਾਂ ਬਰਸਾਂ ਤੋਂ ਤੁਰੀ ਆਉਂਦੀ (ਬਸੀਦਾ) ਲੀਰੋ ਲੀਰ ਹੋ ਚੁੱਕੀ ਮਰਿਆਦਾ ਤੋਂ ਆਜ਼ਾਦ ਕੀਤਾ। ਸਾਰੰਗ ਕੀ ਵਾਰ ਮ: ੪ ਵਿਚ ਹੇਠਾਂ ਦਿੱਤੇ ਸਲੋਕ ਵਿਚ ਆਪ ਜੀ ਦੀ ਮ-ਦ੍ਰਿਸ਼ਟੀ ਦੇ ਦੀਦਾਰ ਹੁੰਦੇ ਹਨ ਅਤੇ ਸੰਕੇਤ ਮਿਲਦਾ ਹੈ ਕਿ ਵੇਦ-ਸ਼ਾਸਤ੍ਰੀ ਮਰਿਆਦਾ ਦਾ ਆਧਾਰ ਅਗਿਆਨਤਾ (ਅਜਾਣਤਾ) ਰਿਹਾ ਹੈ।

***ਸਾਸਤ੍ਰ ਬੇਦ ਪੁਰਾਣ ਪੜ੍ਹੰਤਾ॥ ਪੂਕਾਰੰਤਾ ਅਜਾਣੰਤਾ॥***
***ਜਾਂ ਬੂਝੈ ਤਾਂ ਸੂਝੈ ਸੋਈ ॥ ਨਾਨਕੁ ਆਖੈ ਕੂਕ ਨ ਹੋਈ ॥੧॥ ਅੰਗ - ੧੨੪੨***

ਹਿੰਦੂ ਸਮਾਜ ਨੂੰ ਚਾਰ ਜਾਤਾਂ ਵਿਚ ਵੰਡਣਾ ਬ੍ਰਾਹਮਣ ਦੀ ਅਗਿਆਨਤਾ ਦਾ ਸੂਚਕ ਹੈ। ਮਹਾਰਾਜ ਠੀਕ ਕਹਿੰਦੇ ਸਨ :

***ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ ਅੰਗ - ੩੪੯***

੧੬੯੯ ਈ: ਵਿਚ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਤੀਸਰੇ ਪੰਥ ਨੂੰ ਖੜਾ ਕਰ ਦੇਣਾ ਸਤਿਗੁਰੂ ਨਾਨਕ ਦੇਵ ਜੀ ਦੀ ਦੋ ਸੌ ਸਾਲ ਤੋਂ ਵੱਧ ਸਮੇਂ ਅੰਦਰ ਕੀਤੀ ਅਤਿ ਕਰੜੀ ਘਾਲ ਕਮਾਈ ਦੀ ਸਭ ਤੋਂ ਵੱਡੀ ਦੇਣ ਆਖੀ ਜਾ ਸਕਦੀ ਹੈ। ਜੇ ਬ੍ਰਾਹਮਣੀ ਮਰਿਆਦਾ ਦੀ ਗੁਲਾਮੀ ਦਾ 'ਮਲੁ ਜੁਈ ਭਰਿਆ ਨੀਲਾ ਕਾਲਾ ਖਿਧੋਲੜਾ' ਆਪਣੇ ਗੁਰਸਿੱਖਾਂ ਦੇ ਗਲੋਂ ਉਤਾਰ ਕੇ ਪਰ੍ਹਾਂ ਵਗਾਹ ਕੇ ਨਾ ਮਾਰਦੇ ਤਾਂ ਖ਼ਾਲਸੇ ਦਾ ਸਰੂਪ ਹੋਰ ਹੀ ਹੋਣਾ ਸੀ। ਕਿਤਨੇ ਜ਼ੋਰਦਾਰ ਸ਼ਬਦਾਂ ਰਾਹੀਂ ਗੁਰਸਿੱਖਾਂ ਨੂੰ ਦੇਵੀ-ਦੇਵਤਿਆਂ ਦੀ ਪੂਜਾ ਤੋਂ ਹਟਾਇਆ :

***ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ॥***
***ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥੨॥੩੬॥ ਅੰਗ - ੮੯੪***

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਜੀ ਦਾ ਪ੍ਰਕਾਸ਼ ਦਿਵਸ ਸਾਰੇ ਸੰਸਾਰ ਵਿਚ ਅਤੇ ਵਿਸ਼ੇਸ਼ ਤੌਰ ਤੇ ਗੁਰੂ ਰਾਮਦਾਸਪੁਰ (ਅੰਮ੍ਰਿਤਸਰ ਸਾਹਿਬ) ਵਿਖੇ ਬੜੀ ਸ਼ਰਧਾ ਨਾਲ ਮਨਾ ਰਿਹਾ ਹੈ। ਗੁਰੂ ਸਾਹਿਬ ਦੇ ਮਹਾਨ ਵਾਕ ਆਮ ਕਰਕੇ ਕੀਰਤਨੀਆਂ ਤੋਂ ਸੁਣੀਦੇ ਹਨ :

***ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥***
***ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥ ਅੰਗ - ੧੬੭***

ਉਪ੍ਰੋਕਤ ਵਾਕ ਵਿਚ ਗੁਰਦੇਵ ਜੀ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਉਸ ਵਡਿਆਈ ਬਾਰੇ ਜ਼ਿਕਰ ਕਰ ਰਹੇ ਹਨ ਕਿ ਉਹਨਾਂ ਦੇ ਸੰਪਰਕ ਵਿਚ ਆਉਣ ਨਾਲ ਪਾਏ ਬ੍ਰਾਹਮਣੀ ਸੋਗ ਸੰਤਾਪ ਖ਼ਤਮ ਹੋ ਗਏ, ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਕਿਰਪਾ ਕਰਕੇ, ਸਨਾਤਨੀ ਮਰਿਆਦਾ ਦਾ ਤਿਆਗ ਕਰਾ ਕੇ ਕੇਵਲ ਨਾਮ ਦੀ ਮਰਿਆਦਾ ਨਾਲ ਜੋੜਿਆ। ਜੇ ਉਹ ਸਾਡੇ ਸਾਰਿਆਂ ਤੇ ਕਿਰਪਾ ਨਾ ਕਰਦੇ ਤਾਂ ਅਸੀਂ ਭੀ ਜਨਮਾਂ-ਜਨਮਾਤਰਾਂ ਤੋਂ ਰੁਲਦੇ ਫਿਰਦੇ ਅਤੇ ਸਾਡੀ ਬਹੁੜੀ ਕਰਨ ਵਾਲਾ ਕੋਈ ਨਾ ਹੁੰਦਾ।

# ਨਵੰਬਰ ਮਹੀਨੇ ਦੇ ਇਤਿਹਾਸਕ ਦਿਨ

*[ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ]*

- ੨ ਨਵੰਬਰ ੧੭੮੦ ਈਸਵੀ ਨੂੰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ।
- ੪ ਨਵੰਬਰ ੧੮੪੦ ਈਸਵੀ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਸ: ਖੜਕ ਸਿੰਘ ਨੂੰ ਡੋਗਰਿਆਂ ਨੇ ਜ਼ਹਿਰ ਦੇ ਕੇ ਮਾਰਿਆ।
- ੫ ਨਵੰਬਰ ੧੮੪੦ ਈਸਵੀ ਨੂੰ ਮਹਾਰਾਜਾ ਨੌਨਿਹਾਲ ਸਿੰਘ ਨੂੰ ਡੋਗਰਿਆਂ ਨੇ ਮਾਰ ਦਿੱਤਾ।
- ੭ ਨਵੰਬਰ ੧੯੨੧ ਈਸਵੀ ਨੂੰ ਬਰਤਾਨਵੀ ਸਰਕਾਰ ਨੇ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਲੈ ਲਈਆਂ।
- ੮ ਨਵੰਬਰ ੧੬੬੫ ਈਸਵੀ ਨੂੰ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਜੈਤਾ ਜੀ, ਭਾਈ ਦਿਆਲ ਦਾਸ ਜੀ (ਭਾਈ ਮਨੀ ਸਿੰਘ ਦੇ ਭਰਾ), ਭਾਈ ਗੁਰਦਾਸ ਜੀ (ਸਪੁੱਤਰ ਕੀਰਤ ਬੜ੍ਹਤੀਆ), ਭਾਈ ਸੰਗਤ ਸਿੰਘ (ਭਾਈ ਫੇਰੂ) ਨੂੰ ਧਮਧਾਨ (ਜ਼ਿਲ੍ਹਾ ਜੀਂਦ) ਵਿਖੇ ਗ੍ਰਿਫਤਾਰ ਕੀਤਾ ਗਿਆ ਤੇ ਦਿੱਲੀ ਲਿਜਾਇਆ ਗਿਆ।
- ੧੦ ਨਵੰਬਰ ੧੯੫੫ ਈਸਵੀ ਨੂੰ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ੪ ਜੁਲਾਈ, ੧੯੫੫ ਦੇ ਦਿਨ ਦਰਬਾਰ ਸਾਹਿਬ ਵਿਖੇ ਪੁਲੀਸ ਦਾਖ਼ਲੇ ਦੀ ਮੁਆਫੀ ਮੰਗੀ।
- ੧੧ ਨਵੰਬਰ ੧੬੭੫ ਈਸਵੀ ਨੂੰ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਜੀ ਸ਼ਹੀਦ ਹੋਏ।
- ੧੧ ਨਵੰਬਰ ੧੭੫੭ ਈਸਵੀ ਨੂੰ ਬਾਬਾ ਦੀਪ ਸਿੰਘ ਜੀ ਸਮੇਤ ਅਨੇਕਾਂ ਹੋਰ ਸਿੱਖਾਂ ਨੇ ਸ਼ਹਾਦਤ ਦਾ ਜਾਮ ਪੀਤਾ।
- ੧੨ ਨਵੰਬਰ ੧੬੭੫ ਈਸਵੀ ਨੂੰ ਲਖੀ ਸ਼ਾਹ ਯਾਦਵ (ਵਣਜਾਰੋ) ਨੇ ਨੌਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੰਸਕਾਰ ਆਪਣੇ ਘਰ ਨੂੰ ਅੱਗ ਲਗਾ ਕੇ ਕੀਤਾ। ਇਸ ਜਗ੍ਹਾ ਤੇ ਅੱਜ ਕਲ੍ਹ ਗੁਰਦੁਆਰਾ ਰਕਾਬ ਗੰਜ ਹੈ।
- ੧੬ ਨਵੰਬਰ ੧੬੭੫ ਈਸਵੀ ਨੂੰ ਭਾਈ ਜੈਤਾ, ਭਾਈ ਨਾਨੂ ਅਤੇ ਭਾਈ ਊਦਾ ਦਿੱਲੀ ਤੋਂ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਲੈ ਕੇ ਕੀਰਤਪੁਰ ਸਾਹਿਬ ਪੁੱਜੇ।
- ੧੬ ਨਵੰਬਰ ੧੬੮੮ ਈਸਵੀ ਨੂੰ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਪੁੱਜੇ।
- ੧੭ ਨਵੰਬਰ ੧੬੩੧ ਈਸਵੀ ਨੂੰ ਬਾਬਾ ਬੁੱਢਾ ਜੀ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਕਸਬਾ ਰਮਦਾਸ ਵਿਖੇ ਅਕਾਲ ਚਲਾਣਾ ਕਰ ਗਏ।
- ੧੭ ਨਵੰਬਰ ੧੬੭੫ ਈਸਵੀ ਨੂੰ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਦਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਸਕਾਰ ਕੀਤਾ ਗਿਆ।
- ੧੭ ਨਵੰਬਰ ੧੬੭੫ ਈਸਵੀ ਨੂੰ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਤੀਜੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਹੋਇਆ।
- ੧੯ ਨਵੰਬਰ ੧੮੧੮ ਈਸਵੀ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਾਵਰ 'ਤੇ ਕਬਜ਼ਾ ਕੀਤਾ।
- ੧੯ ਨਵੰਬਰ ੧੯੨੦ ਈਸਵੀ ਨੂੰ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਨੂੰ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿਚ ਸਿੱਖਾਂ ਨੇ ਆਜ਼ਾਦ ਕਰਵਾਇਆ।
- ੨੩ ਨਵੰਬਰ ੧੬੬੪ ਈਸਵੀ ਨੂੰ ਨੌਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਆਏ॥
- ੨੪ ਨਵੰਬਰ ੧੫੯੪ ਈਸਵੀ ਨੂੰ ਗੁਰੂ ਅਰਜਨ ਸਾਹਿਬ ਨੇ ਕਰਤਾਰਪੁਰ (ਜਲੰਧਰ) ਦਾ ਨੀਂਹ ਪੱਥਰ ਰੱਖਿਆ।
- ੨੪ ਨਵੰਬਰ ੧੫੯੮ ਈਸਵੀ ਨੂੰ ਬਾਦਸ਼ਾਹ ਅਕਬਰ ਤੇ ਅੱਬੂ ਫ਼ਜ਼ਲ ਗੋਇੰਦਵਾਲ ਸਾਹਿਬ (ਅੰਮ੍ਰਿਤਸਰ ਵਿਖੇ ਗੁਰੂ ਅਰਜਨ ਸਾਹਿਬ ਜੀ ਦੇ ਦਰਸ਼ਨਾਂ ਲਈ ਆਏ।
- ੨੮ ਨਵੰਬਰ ੧੯੮੫ ਈਸਵੀ ਨੂੰ ਭਾਰਤ ਸਰਕਾਰ ਨੇ ਬਿਆਨ ਦਿੱਤਾ ਕਿ ਸ੍ਰੀ ਦਰਬਾਰ ਸਾਹਿਬ ਦੇ ਘੱਲੂਘਾਰੇ ਦੇ ਵਿਰੁੱਧ ਰੋਸ ਪ੍ਰਗਟ ਕਰਨ ਵਾਲੇ ਫ਼ੌਜੀਆਂ ਵਿੱਚੋਂ ੨੨੩੯ ਸਿਖ ਫ਼ੌਜੀ ਸਿਪਾਹੀਆਂ ਦਾ ਕੋਰਟ ਮਾਰਸ਼ਲ ਕੀਤਾ ਹੈ। ੯੮ ਸਿਖ ਫ਼ੌਜੀਆਂ ਨੂੰ ਬਗਾਵਤ ਦੇ ਦੋਸ਼ ਬਦਲੇ ਨੌਕਰੀਆਂ ਤੋਂ ਵੇਹਲੇ ਕਰ ਦਿੱਤਾ ਗਿਆ ਹੈ।

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥ ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥ ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥ ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥ ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥ ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥ ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥ ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥ ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥***

***ਅੰਗ - 135***

ਅਰਥ

ਮੱਘਰ ਦੇ ਮਹੀਨੇ ਉਹੀ ਸ਼ੋਭਨੀਕ ਹਨ, ਜਿਨ੍ਹਾਂ ਨੂੰ ਪ੍ਰੀਤਮ ਦੇ ਪਾਸ ਬੈਠਣ ਲਈ ਥਾਂ ਮਿਲ ਗਈ ਹੈ। ਜਿਨ੍ਹਾਂ ਨੂੰ ਮਾਲਿਕ ਨੇ ਗਲ ਲਾ ਲਿਆ ਹੈ, ਮੈਂ ਉਨ੍ਹਾਂ ਦੀ ਸ਼ੋਭਾ ਕਿਸ ਤਰ੍ਹਾਂ ਬਿਆਨ ਕਰ ਸਕਦੀ ਹਾਂ। ਉਨ੍ਹਾਂ ਨੇ ਪ੍ਰੀਤਮ ਦਰ ਦੇ ਪਾਂਧੀ ਸੰਤਾਂ ਨਾਲ ਜੋੜ ਲਈ ਹੈ ਤੇ ਮਾਲਿਕ ਦੇ ਪਿਆਰ ਵਿਚ ਉਨ੍ਹਾਂ ਦਾ ਤਨ ਤੇ ਮਨ ਖਿੜ ਗਿਆ ਹੈ। (ਅਫ਼ਸੋਸ ਹੈ ਉਨ੍ਹਾਂ) ਇਕੱਲ ਅਤੇ ਸੁੰਞ ਵਿਚ ਬੈਠੀਆਂ ਹੋਈਆਂ 'ਤੇ (ਜਿਨ੍ਹਾਂ ਮਾਲਿਕ ਦੇ ਮੁਸਾਹਿਬ) ਸਾਧਾਂ ਨਾਲ ਮੇਲ ਨਹੀਂ ਕੀਤਾ ਤੇ ਦੂਰ ਦੂਰ ਫਿਰਦੀਆਂ ਹਨ। ਉਨ੍ਹਾਂ ਦੇ ਝੋਰੇ ਦਾ ਦੁੱਖ ਕਦ ਹਟ ਸਕਦਾ ਹੈ? ਉਹ ਤਾਂ ਬੇਦਰਦ ਮੌਤ ਦੇ ਪੰਜੇ ਵਿਚ ਫਸ ਗਈਆਂ ਹਨ। ਪਰ ਜੋ ਆਪਣੇ ਸੁਆਮੀ ਦੀ ਸੇਵਾ ਵਿਚ ਲੱਗ ਗਈਆਂ ਹਨ, ਉਹ ਚੜ੍ਹਦੀ ਕਲਾ ਵਿਚ ਨਜ਼ਰ ਆਉਂਦੀਆਂ ਹਨ। (ਉਨ੍ਹਾਂ ਨੂੰ ਝੋਰਾ ਕਾਹਦਾ?) (ਪ੍ਰੀਤਮ ਯਾਦ ਤੇ ਪਿਆਰ ਦੇ) ਰਤਨਾਂ, ਜਵਾਹਰਾਂ ਅਤੇ ਲਾਲਾਂ ਨਾਲ ਜੜਾਉ ਗਹਿਣੇ ਉਨ੍ਹਾਂ ਦੇ ਕੰਠ ਦੀ ਸੋਭਾ ਨੂੰ ਵਧਾ ਰਹੇ ਹਨ। ਹੇ ਦਾਤਾ! ਨਾਨਕ ਮੰਗਤੇ ਨੂੰ ਉਨ੍ਹਾਂ ਦੇ ਚਰਨਾਂ ਦੀ ਧੂੜ ਦਾ ਦਾਨ ਦੇਹ ਜਿਨ੍ਹਾਂ ਨੇ ਤੇਰੇ ਦਰ ਦੀ ਓਟ ਲਈ ਹੈ। (ਮੱਘਰ ਦਾ ਮਹੀਨਾ ਉਨ੍ਹਾਂ ਵਾਸਤੇ ਮੁਬਾਰਕ ਹੈ) ਉਹ ਆਪਣੇ ਸਿਰ ਦੇ ਸਾਂਈਂ ਦੇ ਪਿਆਰ ਵਿਚ ਮਸਤ (ਉਸੇ ਦੀ ਯਾਦ ਵਿਚ ਦਮ ਗੁਜ਼ਾਰਦੀਆਂ ਹਨ)। ਉਨ੍ਹਾਂ ਨੂੰ ਹੁਣ ਆਉਣ ਜਾਣ ਨਾਲ ਕੀ ਵਾਸਤਾ।

# ਜੀਵਨ ਘਟਨਾਵਲੀ - ਸ੍ਰੀ ਗੁਰੂ ਨਾਨਕ ਦੇਵ ਜੀ

*[ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ]*

**ਪ੍ਰਕਾਸ਼ ਦਿਵਸ** - ਵਿਸਾਖ ਸੁਦੀ 3 (20 ਵਿਸਾਖ) ਸੰਮਤ 1526 ਮੁਤਾਬਿਕ 15 ਅਪ੍ਰੈਲ ਸੰਨ 1469, ਸਨਿਚਰਵਾਰ

**ਪ੍ਰਕਾਸ਼ ਅਸਥਾਨ** - ਸ੍ਰੀ ਨਨਕਾਣਾ ਸਾਹਿਬ (ਜਿਸ ਦਾ ਪਹਿਲਾਂ ਨਾਂ ਰਾਇ ਭੋਇ ਦੀ ਤਲਵੰਡੀ ਸੀ), ਜ਼ਿਲ੍ਹਾ ਸ਼ੇਖੂਪੁਰਾ, ਪਾਕਿਸਤਾਨ।

**ਮਾਤਾ ਪਿਤਾ** - ਸ੍ਰੀ ਤ੍ਰਿਪਤਾ ਜੀ, ਮਹਿਤਾ ਕਲਿਆਨ ਦਾਸ ਜੀ (ਬਾਬਾ ਕਾਲੂ ਜੀ)

**ਵਿਆਹ** - ਪੱਖੋਕੇ ਰੰਧਾਵਾ (ਜ਼ਿਲ੍ਹਾ ਗੁਰਦਾਸਪੁਰ) ਦੇ ਵਸਨੀਕ ਸ੍ਰੀ ਮੂਲ ਚੰਦ ਜੀ ਦੀ ਸਪੁਤਰੀ ਸ੍ਰੀ ਸੁਲੱਖਣੀ ਜੀ ਨਾਲ ਸੰਮਤ 1544 ਵਿਚ ਹੋਇਆ।

**ਸੰਤਾਨ** - ਬਾਬਾ ਸ੍ਰੀ ਚੰਦ ਜੀ (ਸੰਮਤ 1551, ਸੰਨ 1494), ਬਾਬਾ ਲਖਮੀਦਾਸ ਜੀ (ਸੰਮਤ 1553, ਸੰਨ 1497)।

**ਉਦਾਸੀਆਂ** - ਪਹਿਲੀ ਪੂਰਬ ਦੀ, ਸੰਮਤ 1567

***(ਬਾਕੀ ਪੰਨਾ 34 'ਤੇ)***



# ਜੇਲ੍ਹ ਚਿੱਠੀਆਂ



*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਇਨ੍ਹਾਂ ਕਾਰਨਾਂ ਕਰਕੇ ਸਿੱਖਾਂ ਵਿਚ ਰੋਸ ਤੇ ਜੋਸ਼ ਭਰ ਗਿਆ ਤੇ ਭਾ: ਸਾ: ਰਣਧੀਰ ਸਿੰਘ ਜੀ ਹੋਰ ਸੱਜਣਾਂ ਸਮੇਤ ਹਰਕਤ ਵਿਚ ਆਏ। ਜਿਸ ਕਰਕੇ ਇਨ੍ਹਾਂ ਨੂੰ ੧੯ ਫਰਵਰੀ ੧੯੧੫ ਈ: ਨੂੰ ੨੬ ਨੰਬਰ ਪਲਟਨ ਤੇ ਹੋਰ ਬਹੁਤ ਸਾਰੇ ਸਾਥੀਆਂ ਸਮੇਤ ਫਿਰੋਜਪੁਰ ਛਾਉਣੀ ਦੇ ਕਿਲ੍ਹੇ ਪਰ ਧਾਵਾ ਕਰਨ ਦੇ ਦੋਸ਼ ਵਿਚ ਦੂਜੇ ਮੁਕੱਦਮਾ ਸਾਜ਼ਸ਼ ਲਾਹੌਰ ਵਿਚ ੩੦ ਮਾਰਚ ੧੯੧੬ ਨੂੰ ਤਾਜ਼ੀਰਾਤ ਹਿੰਦ ਦੀ ਦਫ਼ਾ ੧੨੧ (ੳ) ਹੇਠ ਉਮਰ ਕੈਦ ਤੇ ਜ਼ਬਤੀ ਜਾਇਦਾਦ ਦੀ ਸਜ਼ਾ ਦਿੱਤੀ ਗਈ। ਆਪ ੯ ਮਈ ੧੯੧੫ ਨੂੰ ਗ੍ਰਿਫ਼ਤਾਰ ਹੋਏ ਤੇ ੪ ਅਕਤੂਬਰ ੧੯੩੦ ਨੂੰ ਰਿਹਾ ਹੋਏ। ਭਾਵੇਂ ਇਸ ਸਮੇਂ ਲੋਕਾਂ ਭਾਣੇ ਇਨ੍ਹਾਂ ਨੂੰ ਕਾਮਯਾਬੀ ਨਹੀਂ ਹੋਈ ਤੇ ਕਸ਼ਟ ਹੀ ਝੱਲਣੇ ਪਏ, ਪਰ ਏਹ ਕੁਰਬਾਨੀ ਨਿਸਫਲ ਨਹੀਂ ਗਈ।

ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ੧੯੨੦ ਵਿਚ ਜਿਉਂ ਕੀ ਤਿਉਂ ਮੁੜ ਉਸਾਰੀ ਗਈ। ਅਕਾਲੀ ਲਹਿਰ ਜਾਰੀ ਹੋਈ, ਗੁਰਦੁਆਰੇ ਪੰਥਕ ਪ੍ਰਬੰਧ ਵਿਚ ਆਏ ਤੇ ਹਿੰਦੁਸਤਾਨ ਬੀ ਆਜ਼ਾਦ ਹੋਇਆ। ਅੰਗਰੇਜ਼ ੧੫ ਅਗਸਤ ੧੯੪੭ ਨੂੰ ਹਿੰਦੁਸਤਾਨ ਤੋਂ ਸਦਾ ਲਈ ਹੱਥ ਧੋ ਕੇ ਜਿਧਰੋਂ ਆਏ ਸੀ, ਉਧਰ ਨੂੰ ਚਲਦੇ ਬਣੇ। ਇਉਂ ਭਾਈ ਸਾਹਿਬ ਤੇ ਉਨ੍ਹਾਂ ਦੇ ਸਾਥੀ ਸਭ ਦੇਸ਼ ਭਗਤਾਂ ਦੀ ਘਾਲ ਸਫਲ ਹੋਈ। ਗੁਰਦੁਆਰਾ ਸੁਧਾਰ ਲਹਿਰ ਤੇ ਆਜ਼ਾਦੀ ਦੀ ਲਹਿਰ ਦੇ ਅਸਲ ਮੋਢੀ ਭਾਈ ਸਾਹਿਬ, ਉਨ੍ਹਾ ਦੇ ਸਾਥੀ ਤੇ ਹੋਰ ਸਮੂਹ ਪ੍ਰਦੇਸਾਂ ਤੋਂ ਆਏ ਦੇਸ਼ ਭਗਤ ਹੀ ਹਨ। ਗੁਰਦੁਆਰਾ ਰਕਾਬ ਗੰਜ ਦੀ ਕੰਧ ਦੇ ਸਵਾਲ ਤੋਂ ਐਸਾ ਛੇੜ ਛਿੜਿਆ ਕਿ ਅੰਗਰੇਜ਼ ਨੇ ਇਕ ਦਿਨ ਭੀ ਸੁੱਖ ਦਾ ਸਾਹ ਨਾ ਲਿਆ। ਓੜਕ ਉਸ ਨੂੰ ਹਿੰਦੁਸਤਾਨ ਤੋਂ ਖਹਿੜਾ ਹੀ ਛੁਡਾਉਣਾ ਪਿਆ।

## ਤਿੰਨ ਜ਼ਾਲਮ

ਜੇਲ੍ਹ ਚਿੱਠੀਆਂ ਦੇ ਪੜ੍ਹਨ ਤੋਂ ਪਾਠਕਾਂ ਨੂੰ ਚੰਗੀ ਤਰ੍ਹਾਂ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਸਮਿਆਂ ਵਿਚ ਭਾਈ ਸਾਹਿਬ ਤੇ ਹੋਰ ਸੱਜਣਾਂ ਨੂੰ ਕਿਤਨੇ ਤਸੀਹੇ ਤੇ ਕਸ਼ਟ ਝੱਲਣੇ ਪਏ ਸਨ ਤੇ ਉਹ ਸਮੇਂ ਕੈਸੇ ਕਰੜੇ ਸਨ। ਜੇਲ੍ਹ ਯਾਤਰਾ ਦੇ ਸਮੇਂ ਵਿਚ ਭਾਈ ਸਾਹਿਬ ਨੂੰ ਸਭ ਤੋਂ ਵੱਧ ਤਿੰਨ ਜ਼ਾਲਮਾਂ ਨਾਲ ਵਾਹ ਪਿਆ। ਮੁਲਤਾਨ ਜੇਲ੍ਹ ਦਾ ਦਰੋਗਾ ਸਦਾ ਨੰਦ, ਹਜ਼ਾਰੀ ਬਾਗ ਜੇਲ੍ਹ ਦਾ ਦਰੋਗਾ ਪੰਡਤ ਵਧਾਵਾ ਰਾਮ, ਤੀਜਾ ਨਾਗਪੁਰ ਜੇਲ੍ਹ ਦਾ ਸੁਪ੍ਰੰਟੰਡੰਟ (ਜੋ ਪਿੱਛੋਂ ਇੰਨਸਪੈਕਟਰ ਜਨਰਲ ਬਣਿਆ) ਡਾਕਟਰ ਨੀਲ ਕੰਠ ਸੂਰਯੇਣ ਜਟਾਰ। ਏਹ ਬ੍ਰਾਹਮਣ ਹੁੰਦਾ ਹੋਇਆ ਭੀ ਧਰਮ ਕਰਮ ਵ'ਲੋਂ ਭ੍ਰਸ਼ਟ ਹੀ ਸੀ, ਇਸ ਨੇ ਸਦਾ ਨੰਦ ਦੀ ਤਰ੍ਹਾਂ ਹੀ ਪੁੱਜ ਕੇ ਜ਼ੁਲਮ ਕੀਤੇ ਜਿਨ੍ਹਾਂ ਦਾ ਵੇਰਵਾ ਪਿੱਛੇ ਪੁਸਤਕ ਵਿਚ ਦਰਜ ਹੈ। ਪਰ ਫੇਰ ਭੀ ਏਸ ਨੂੰ ਭਾਈ ਸਾਹਿਬ ਦੀ ਹਿੰਮਤ, ਦ੍ਰਿੜ੍ਹਤਾ ਤੇ ਸੂਰਬੀਰਤਾ ਦਾ ਲੋਹਾ ਮੰਨਣਾ ਪਿਆ ਜਿਸ ਦਾ ਪਤਾ ਇਉਂ ਲੱਗਦਾ ਹੈ ਕਿ ਸੂਬੇਦਾਰ ਹਰਿਬਚਨ ਸਿੰਘ ਪਲਟਣ ਨੰਬਰ ੬੬ ਏਸ ਜਟਾਰ ਨਾਲ ਇਰਾਕ-ਅਰਬ ਵਿਚ ੧੯੧੪ ਵਾਲੇ ਜੰਗ ਵਿਚ ਇਕੱਠੇ ਰਹੇ ਸਨ। ਜਦ ਪਲਟਨ ਨੰਬਰ ੬੬ ਨਾਗਪੁਰ ਦੀ ਕਾਂਪਟੀ ਨਾਮੇ ਛਾਉਣੀ ਵਿਚ ਆਈ ਤਾਂ ਡਾਕਟਰ ਜਟਾਰ, ਸੂਬੇਦਾਰ ਸਾਹਿਬ ਨੂੰ ਮਿਲਿਆ ਸੂਬੇਦਾਰ। ਸਾਹਿਬ ਨੇ ਪੁਛਿਆ ਕਿ ਤੁਹਾਡੇ ਪਾਸ ਜੇਲ੍ਹ ਵਿਚ ਇਕ ਪੰਜਾਬੀ ਸਿੱਖ ਭਾਈ ਸਾਹਿਬ ਰਣਧੀਰ ਸਿੰਘ ਨਾਮੇ ਰਿਹਾ, ਤੁਸੀਂ ਉਸ ਨਾਲ ਬਹੁਤ ਬੁਰਾ ਸਲੂਕ ਕੀਤਾ। ਐਸਾ ਕਰਨਾ ਯੋਗ ਨਹੀਂ ਸੀ।

**ਜਟਾਰ** - ਜੇ ਤੁਸੀਂ ਮੇਰੇ ਥਾਂ ਹੁੰਦੇ ਤਾਂ ਤੁਸੀਂ ਭੀ ਏਵੇਂ ਹੀ ਕਰਦੇ।

**ਸੂਬੇਦਾਰ ਸਾਹਿਬ** - ਏਹ ਕੋਈ ਉਤਰ ਨਹੀਂ। ਨਾ ਹੀ ਏਹ ਹੋ ਸਕਦਾ ਹੈ ਕਿ ਜੋ ਕੁਝ ਤੁਸੀਂ ਕੀਤਾ, ਮੈਂ ਭੀ ਜ਼ਰੂਰ ਓਹੋ ਕੁਝ ਕਰਦਾ।

**ਜਟਾਰ** - ਇਕ ਗੱਲ ਦੀ ਮੈਨੂੰ ਬੜੀ ਹੈਰਾਨੀ ਹੈ ਕਿ ਨਾਗਪੁਰ ਜੇਲ੍ਹ ਦੇ ਸਭ ਕੈਦੀ ਰਣਧੀਰ ਸਿੰਘ ਦੀ ਬਹੁਤ ਇੱਜ਼ਤ ਕਰਦੇ ਸਨ, ਉਸ ਨੂੰ ਗੁਰੂ ਸਮਾਨ ਸਮਝਦੇ ਸਨ। ਮੈਂ ਆਪਣੇ ਪੂਰਾ ਜ਼ੋਰ ਲਾਇਆ, ਪਰ ਮੈਂ ਰਣਧੀਰ ਸਿੰਘ ਦੀ ਚਿੱਠੀ ਪੱਤ੍ਰ ਜੇਲ੍ਹ ਤੋਂ ਬਾਹਰ ਜਾਣੋ ਤੇ ਅੰਦਰ ਆਉਣੋਂ ਬੰਦ ਨਹੀਂ ਕਰ ਸਕਿਆ।

**ਸੂਬੇਦਾਰ ਸਾਹਿਬ** - ਤਦ ਆਪ ਸਿਆਣੇ ਤਾਂ ਨਾ ਹੋਏ; ਜਿਸ ਆਦਮੀ ਨੂੰ ਇਖਲਾਕੀ ਕੈਦੀ ਤੇ ਮੁਜ਼ਰਮ ਲੋਕ ਭੀ ਸਮਝ ਗਏ ਤੇ ਉਸ ਦਾ ਸਨਮਾਨ ਕਰਨ ਲੱਗ ਪਏ, ਉਸ ਨੂੰ ਤੂੰ ਪੜ੍ਹਿਆ ਲਿਖਿਆ ਹੋ ਕੇ ਨਾ ਸਮਝ ਸਕਿਆ। ਤੁਹਾਨੂੰ ਚਾਹੀਦਾ ਸੀ ਕਿ ਉਸ ਤੋਂ ਕੋਈ ਲਾਭ ਉਠਾਉਂਦੇ। ਸਗੋਂ ਤੁਸੀਂ ਉਸ ਪਰ ਜ਼ੁਲਮ ਕਰਨ ਲਗ ਪਏ। ਇਹ ਆਪਦੀ ਕਿਹੜੀ ਦਾਨਾਈ ਸੀ?

ਇਹ ਸੁਣ ਕੇ ਜਟਾਰ ਨਿਮੋਝੂਣਾ ਹੋ ਕੇ ਚੁੱਪ ਕਰ ਗਿਆ।

**ਨੋਟ** - ਇਹ ਗੱਲ ਸਾਨੂੰ ਸੂਬੇਦਾਰ ਹਰਿਬਚਨ ਸਿੰਘ ਜੀ ਨੇ ਜੇਲ੍ਹ ਚਿੱਠੀਆਂ ਦੀ ਪਹਿਲੀ ਐਡੀਸ਼ਨ ਛਪਣ ਤੋਂ ਪਿੱਛੋਂ ਅੰਮ੍ਰਿਤਸਰ ੧੯੩੮ ਵਿਚ ਆਪ ਸੁਣਾਈ ਸੀ।

## ਭਾਈ ਸਾਹਿਬ ਕਰਤਾਰ ਸਿੰਘ ਕੈਨੇਡੀਅਨ

ਏਸ ਪੁਸਤਕ ਵਿਚ ਭਾਈ ਸਾਹਿਬ ਕਰਤਾਰ ਸਿੰਘ ਜੀ ਦਾ ਜ਼ਿਕਰ ਬਹੁਤ ਥਾਈਂ ਆਇਆ ਹੈ। ਇਸ ਲਈ ਇਨ੍ਹਾਂ ਦਾ ਸੰਖੇਪ ਹਾਲ ਹੇਠ ਦਿਤਾ ਜਾਂਦਾ ਹੈ:

ਆਪ ਪਿੰਡ ਨਵਾਂ ਚੰਦ ਤਸੀਲ ਮੋਗਾ ਇਲਾਕਾ ਫਿਰੋਜਪੁਰ ਦੇ ਰਹਿਣ ਵਾਲੇ ਸਨ। ੧੯੦੭ ਈ: ਵਿਚ

ਵੈਨਕੋਵਰ (ਕੈਨੇਡਾ) ਗਏ। ਉਥੇ ਆਪਣੇ ਕਾਰ ਵਿਹਾਰ ਦੇ ਨਾਲ ਹੀ ਪੰਥਕ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ੧੯੧੫ ਵਿਚ ਕੋਲੰਬੋ ਦੇ ਰਸਤੇ ਹਿੰਦੁਸਤਾਨ ਨੂੰ ਆਏ। ਆਪ ਦੀ ਡਿਊਟੀ ਜਰਮਨ ਜਰਨੈਲ ਵੇਡੀ ਨਾਲ ਰਲ਼ ਕੇ ਹਿੰਦੁਸਤਾਨ ਵਿਚ ਆਜ਼ਾਦੀ ਸੰਬੰਧੀ ਕੰਮ ਕਰਨ ਦੀ ਸੀ। ਕੋਲੰਬੋ ਤੋਂ ਹੀ ਸੀ.ਆਈ.ਡੀ. ਆਪ ਦੇ ਮਗਰ ਲਗ ਪਈ। ਲੁਧਿਆਣੇ ਪਹੁੰਚਣ ਪਰ ਆਪ ਨੂੰ ਨਜ਼ਰਬੰਦ ਕਰਕੇ ਕੈਮਲਪੁਰ ਜੇਲ੍ਹ ਭੇਜਿਆ। ਫੇਰ ਤੀਜੇ ਮੁਕੱਦਮਾ ਸਾਜ਼ਸ਼ ਲਾਹੌਰ ਵਿਚ ਪੰਜ ਜਨਵਰੀ ੧੯੧੭ ਨੂੰ ਫਾਂਸੀ ਦੀ ਸਜ਼ਾ ਹੋਈ ਜੋ ਪਿਛੋਂ ਉਮਰ ਕੈਦ ਵਿਚ ਬਦਲ ਗਈ। ਆਪ ਲਾਹੌਰ, ਹਜ਼ਾਰੀ ਬਾਗ, ਰਾਜਮੰਦਰੀ, ਨਾਗਪੁਰ ਜੇਲ੍ਹਾਂ ਵਿਚ ਰਹੇ। ਉਥੇ ਹੀ ਆਪ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਮਿਲਾਪ ਹੋਇਆ। ਆਪ ਪੂਰੇ ਵੀਹ ਸਾਲ ਬਾਅਦ ਰਿਹਾਅ ਹੋਏ। ਬਾਹਰ ਆ ਕੇ ਗੁਰਬਾਣੀ ਦੀਆਂ ਪੁਰਾਣੀਆਂ ਲਿਖਤੀ ਪੋਥੀਆਂ ਤੇ ਬੀੜਾਂ ਦੀ ਖੋਜ ਸ਼ੁਰੂ ਕੀਤੀ। 'ਅੰਮ੍ਰਿਤ ਕੀ ਹੈ', 'ਉਮਰ ਕੈਦੀ ਦਾ ਸੁਪਨਾ' ਤੇ 'ਨਵੀਂ ਦੁਨੀਆਂ' (ਅਰਥਾਤ ਕੈਨੇਡਾ ਤੇ ਅਮਰੀਕਾ ਗਏ ਹੋਏ ਹਿੰਦੁਸਤਾਨੀਆਂ ਦਾ ਇਤਿਹਾਸ) ਨਾਮੇ ਤਿੰਨ ਪੁਸਤਕਾਂ ਲਿਖੀਆਂ। ਪਹਿਲੀਆਂ ਦੋ ਪੁਸਤਕਾਂ ਛਪੀਆਂ ਹੋਈਆਂ ਮਿਲਦੀਆਂ ਹਨ। ਤੀਜੀ ਪੁਸਤਕ 'ਨਵੀਂ ਦੁਨੀਆਂ' ਭੀ ਛਪਣ ਵਾਲੀ ਹੈ। ਆਪ ਬੜੇ ਪਰੇਮੀ, ਤਿਆਗੀ, ਅਤੀਤ ਬੈਰਾਗੀ, ਨਾਮ ਅਭਿਆਸੀ ਗੁਰਮੁਖ ਸੱਜਣ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਛਾਪਣ ਦੇ ਸੰਬੰਧ ਵਿਚ ਸਲਾਹ ਦੇਣ, ਫੁਟ ਨੋਟ ਲਿਖਾਉਣ ਤੇ ਨਕਲ ਆਦਿਕ ਕਰਨ ਬਾਰੇ ਦਾਸ ਦੀ ਬੜੀ ਸਹਾਇਤ ਕਰਦੇ ਸਨ। ਅਜੇ ਆਪ ਦੇ ਗੁਰਬਾਣੀ ਦੀ ਖੋਜ ਤੇ ਹੋਰ ਪੁਸਤਕ ਰਚਨਾ ਆਦਿ ਦੇ ਕਈ ਕੰਮ ਕਰਨ ਵਾਲੇ ਸਨ ਕਿ ਧੁਰ ਦੇ ਸੱਦੇ ਆ ਗਏ। ਤੇ ਆਪ ਆਪਣੇ ਸੰਬੰਧੀਆਂ ਤੇ ਪਰੇਮੀ ਸੱਜਣਾਂ ਨੂੰ ਸਦਾ ਲਈ ਫਤਹ ਗਜਾ ਗਏ ਤੇ ੪ ਅਪਰੈਲ ੧੯੪੪ ਨੂੰ ਗੁਰਪੁਰੀ ਜਾ ਬਿਰਾਜੇ। ਆਪਣੇ ਪਰੇਮ ਪਿਆਰ, ਉਪਕਾਰ, ਸਿੱਖੀ ਸਿਦਕ ਦੇ ਪੂਰਨਿਆਂ ਦੀਆਂ ਯਾਦਾਂ ਪਿਛੇ ਛਡ ਗਏ। ਵਧੇਰੇ ਹਾਲ ਪੜ੍ਹੋ ਪੁਸਤਕ 'ਰੰਗਲੇ ਸੱਜਣ'।

## ਕੁਝ ਖ਼ਾਸ ਤਰੀਕਾਂ

੧. ਭਾਈ ਸਾਹਿਬ ਰਣਧੀਰ ਸਿੰਘ ਦਾ ਜਨਮ ੭ ਜੁਲਾਈ ੧੮੭੮ ਈ: ਮੁਤਾਬਿਕ ੨੫ ਹਾੜ ਸੰਮਤ ੧੯੩੫ ਬਿ:।

੨. ਅੰਮ੍ਰਿਤ ਛਕਣਾ - ੧੪ ਜੂਨ ੧੯੦੩ ਈ: ਮੁਤਾਬਿਕ ੧ ਹਾੜ ਸੰਮਤ ੧੯੬੦ ਬਿ:।

੩. ਐਬਟਾਬਾਦ ਵਿਚ ਅਕਾਲੀ ਜੋਤਿ ਦੇ ਪ੍ਰਕਾਸ਼ ਦੇ ਦਰਸ਼ਨਾਂ ਦਾ ਚਮਤਕਾਰ ਵਾਲਾ ਕੌਤਕ ੨੦ ਨਵੰਬਰ ਤੇ ੨੩ ਨਵੰਬਰ ੧੯੦੪ ਦੇ ਵਿਚਕਾਰਲੇ ਦਿਨਾਂ ਵਿਚ ਵਰਤਿਆ ਸੀ। ਉਦੋਂ ਭਾਈ ਸਾਹਿਬ ਦੀ ਉਮਰ ਕੇਵਲ ੨੬ ਸਾਲ ਦੀ ਸੀ।

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਮਰ ਸਖਸੀਅਤ

*[(ਗੁਰਪੁਰਵਾਸੀ) ਪ੍ਰਿੰ. ਗੁਰਮੁਖ ਸਿੰਘ ਜੀ, ਪਟਿਆਲਾ]*

ਭਾਈ ਗੁਰਦਾਸ ਜੀ ਸਿੱਖ ਧਰਮ ਦੇ ਸਰਬ ਪ੍ਰਵਾਨਤ ਅਤੇ ਸਰਬ ਪ੍ਰਥਮ ਗੁਰੂ ਸਾਹਿਬਾਨ ਦੇ ਇਤਿਹਾਸਕਾਰ ਸਨ। ਆਪ ਨੇ ਆਪਣੀਆਂ ਵਾਰਾਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਕਾਫ਼ੀ ਚਾਨਣਾ ਪਾਇਆ ਹੈ। ਆਪ ਲਿਖਦੇ ਹਨ :

*ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲਿ ਕਮਾਈ ॥*
*ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ॥*
*ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ ॥...*
*ਚੜ੍ਹਿਆ ਸੋਧਣਿ ਧਰਤਿ ਲੁਕਾਈ ॥ ਵਾਰ - ੧/੨੪*

ਗੁਰਦੇਵ ਜੀ ਦੀ ਆਪਣੀ ਇਕ (confessional statement) ਥਾਂ ਆਪਣੇ ਮੁਖਾਰਬਿੰਦ ਤੋਂ ਉਚਾਰੀ ਬਾਣੀ ਇਉਂ ਹੈ :

*ਸਤਿਗੁਰੁ ਦੇਖਿਆ ਦੀਖਿਆ ਲੀਨੀ ॥*
*ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥*
*ਗਤਿ ਮਿਤਿ ਪਾਈ ਆਤਮੁ ਚੀਨੀ ॥੪॥*
*ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ॥*
*ਹਰਿ ਜਸਿ ਸੰਤ ਭਗਤ ਨਿਸਤਾਰਿਆ॥*
*ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥*
*ਅੰਗ - ੨੨੨*

ਇਥੇ ਅਕਾਲ ਪੁਰਖ ਲਈ 'ਸਤਿਗੁਰੂ' ਪਦ ਦੀ ਵਰਤੋਂ ਕੀਤੀ ਗਈ ਹੈ। ਸਮੁੱਚੀ ਗੁਰਬਾਣੀ ਵਿਚ ਸਤਿਗੁਰ ਪਦ ਜਾਂ ਤਾਂ ਅਕਾਲ ਪੁਰਖ ਲਈ ਆਇਆ ਹੈ ਜਾਂ ਸ੍ਰੀ ਗੁਰੂ ਨਾਨਕ ਦੇਵ ਜੀ ਲਈ। ਆਪ ਜੀ ਦੇ ਉੱਤਰ-ਅਧਿਕਾਰੀ ਗੁਰੂ ਸਾਹਿਬਾਨ ਨੇ ਵੀ ਸਤਿਕਾਰ ਵਜੋਂ ਆਪ ਜੀ ਲਈ ਸਤਿਗੁਰ ਪਦ ਵਰਤਿਆ ਹੈ। ਵੇਖੋ ਭਾਈ ਗੁਰਦਾਸ ਦੀ ਵਾਰ ੧/੨੦)

ਆਪ ਜੀ ਨੂੰ ਤਪੱਸਿਆ ਮਗਰੋਂ ਅਕਾਲ ਪੁਰਖ ਨੇ ਗੁਰ- ਦੀਖਿਅਤ ਕੀਤਾ। ਉਨ੍ਹਾਂ ਆਪਣੀ ਜੋਤ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਪ੍ਰਕਾਸ਼ ਕੀਤਾ। ਉਸ ਦਿਨ ਤੋਂ ਮਗਰੋਂ ਆਪ ਅਕਾਲ ਪੁਰਖ ਜੀ ਦੇ ਸਰਗੁਣ ਸਰੂਪ ਵਿਚ ਹੀ ਕਲਜੁਗ ਦੇ ਜੀਵਾਂ ਦੇ ਉੱਧਾਰ ਲਈ ਵਿਚਰਦੇ ਰਹੇ। ਘਰ-ਬਾਰੀ ਜੀਵਨ ਦੀਆਂ ਜ਼ਿੰਮੇਵਾਰੀਆਂ ਤੋਂ ਕੁਝ ਸਮੇਂ ਲਈ ਛੁੱਟੀ ਲੈ ਕੇ ਚਾਰ ਉਦਾਸੀਆਂ ਕੀਤੀਆਂ ਅਤੇ ਅਨੇਕਾਂ ਪ੍ਰਾਣੀਆਂ ਦਾ ਉੱਧਾਰ ਕੀਤਾ। ਮੱਕੇ ਮਦੀਨੇ ਜਾ ਕੇ ਰੱਬ ਦੇ ਘਰ ਵੱਲ ਲੱਤਾਂ ਪਸਾਰ ਕੇ ਲੇਟਣ ਦੀ ਕਿਸ ਦੀ ਜੁਰੱਅਤ ਪੈ ਸਕਦੀ ਸੀ? ਇਸਲਾਮਿਕ ਧਾਰਨਾ ਦੇ ਸੱਤ ਆਕਾਸ਼ਾਂ ਨੂੰ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਹੋਰ ਕੌਣ ਰੱਦ ਕਰ ਸਕਦਾ ਸੀ? ਅੱਜ ਤਕ ਇਸਨੂੰ ਕਿਸੇ ਹੋਰ ਨੇ ਰੱਦ ਨਹੀਂ ਕੀਤਾ। ਲੱਖ ਆਗਾਸਾਂ ਦੀ ਗੱਲ ਗੁਰੂ ਨਾਨਕ ਦੇਵ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਆਖੀ। ਆਪਣੀ ਇਸਲਾਮਿਕ ਦੇਸ਼ਾਂ ਦੀ ਫੇਰੀ ਸਮੇਂ ਜੋਤ ਸਰੂਪ ਗੁਰਦੇਵ ਜੀ ਨੂੰ ਸਭ ਨੇ ਨਮਸਕਾਰ ਕਰ ਕੇ ਨਿਵਾਜਿਆ। ਪੰਜਾਬ ਅਤੇ ਬਾਕੀ ਹਿੰਦੁਸਤਾਨ ਦੇ ਮੁਸਲਮਾਨ ਪੀਰਾਂ-ਫ਼ਕੀਰਾਂ ਨੇ ਭੀ ਆਪ ਜੀ ਨੂੰ ਭਰਪੂਰ ਆਦਰ ਦਿੱਤਾ ਕਿਉਂਕਿ ਇਸਲਾਮਿਕ ਪੀਰ-ਫ਼ਕੀਰ ਇਕ ਰੱਬ ਦੀ ਹਸਤੀ ਨੂੰ ਹੀ ਮੰਨਦੇ ਸਨ। ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਦੀਦਾਰ ਕਰ ਕੇ ਉਨ੍ਹਾਂ ਦੇ ਅੰਤਰ-ਆਤਮੇ ਰੱਬੀ ਤੁਣਕਾ ਜਿਹਾ ਵੱਜਦਾ ਸੀ।

ਜੇ ਕੋਈ ਇਸ ਰੱਬੀ ਤੁਣਕੇ ਤੋਂ ਸੱਖਣਾ ਪਾਇਆ ਗਿਆ ਤਾਂ ਉਹ ਸੀ ਹਿੰਦੂ-ਧਰਮ ਦਾ ਮੁਖੀ ਬ੍ਰਾਹਮਣ। ਭਾਵੇਂ ਉਹ ਆਪਣੇ ਆਪ ਨੂੰ ਬ੍ਰਹਮਾ ਦੇ ਮੂੰਹ ਵਿੱਚੋਂ ਪੈਦਾ ਹੋਇਆ ਕਹਿੰਦਾ ਆਇਆ ਹੈ ਪਰ ਬ੍ਰਹਮ-ਗਿਆਨ ਉਸਦੇ ਨੇੜੇ ਨਹੀਂ ਲੱਗਾ। ਮੰਨੂੰ (ਬ੍ਰਾਹਮਣ) ਨੇ ਹਿੰਦੂ ਸਮਾਜ ਨੂੰ ਚਾਰ ਜ਼ਾਤਾਂ ਵਿਚ ਵੰਡਿਆ ਜੋ ਅੱਜ ਦੇ ਭਾਰਤ ਵਰਸ਼ ਵਿਚ ਇਹ ਵੰਡ, ਵਰਦਾਨ ਦੀ ਥਾਂ ਉਜਾੜੇ ਦਾ ਕਾਰਣ ਬਣ ਚੁੱਕੀ ਹੈ। ਹਿੰਦੂ ਧਰਮ ਦਾ ਆਧਾਰ ਬ੍ਰਾਹਮਣ ਦੁਆਰਾ ਰਚੀਆਂ ਪੁਰਾਣਿਕ ਕਥਾ ਕਹਾਣੀਆਂ ਹਨ। ਤੇਤੀ ਕਰੋੜ ਦੇਵੀ ਦੇਵਤੇ ਉਸ ਸਮੇਂ ਦੀ ਆਬਾਦੀ ਨਾਲੋਂ ਕਿਤੇ ਵੱਧ ਸਨ। ਫਿਰ

ਮਨੁੱਖ ਕਿਸ ਕਿਸ ਦੀ ਪੂਜਾ ਕਰਦਾ? ਇਹੋ ਸਮੱਸਿਆ ਅੱਜ ਭੀ ਹਿੰਦੂ ਸਮਾਜ ਦੇ ਸਾਹਮਣੇ ਹੈ।

ਗੁਰੂ ਨਾਨਕ ਦੇਵ ਜੀ ਨੇ ਮੁੱਢ ਤੋਂ ਹੀ ਬ੍ਰਾਹਮਣ ਦੀ ਧਾਰਮਿਕ ਖੇਤਰ ਵਿਚ ਸਰਦਾਰੀ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਆਪਣੇ ਸੇਵਕਾਂ ਨੂੰ ਤੇਤੀ ਕਰੋੜ ਦੇਵਤਿਆਂ ਦੀ ਪੂਜਾ ਤੋਂ ਮੁਕਤ ਕਰ ਕੇ ਕੇਵਲ ਇਕ ਅਕਾਲ ਪੁਰਖ ਜੀ ਦੀ ਸੇਵਾ ਵਿਚ ਲਾਇਆ। ਕੁਦਰਤੀ ਗੱਲ ਹੈ ਆਪ ਜੀ ਦੇ ਇਸ ਪ੍ਰਚਾਰ ਨਾਲ ਜਿਥੇ ਅਨੇਕਾਂ ਜੀਵਾਂ ਦਾ ਪਾਰ-ਨਿਸਤਾਰਾ ਹੋਇਆ, ਉਥੇ ਕਪਟੀ ਬ੍ਰਾਹਮਣ ਦੀ ਦੁਕਾਨਦਾਰੀ ਦੀ ਗਾਹਕੀ ਦਿਨੋਂ ਦਿਨ ਘਟਦੀ ਗਈ। ਉਸਦੀ ਆਪਣੀ ਮਤਿ ਉੱਤੇ ਹੁਣ ਤਕ ਅਗਿਆਨਤਾ ਦਾ ਪੜਦਾ ਜਿਹਾ ਪਿਆ ਹੋਇਆ ਹੈ। ਉਸ ਨੇ ਸਰਗੁਣ ਸਰੂਪ ਅਕਾਲ ਪੁਰਖ ਜੀ ਦੀ ਪਰਤਖ ਜੋਤ ਨੂੰ ਭੂਤਨਾ ਅਤੇ ਬੇਤਾਲਾ (ਭੂਤ) ਕਹਿ ਕੇ 'ਸਨਮਾਨਤ' ਕੀਤਾ, ਪਰ ਇਹ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਹੈ ਕਿ ਉਨ੍ਹਾਂ ਪਰਤਵੇਂ ਉੱਤਰ ਵਿਚ ਕਉੜੀ ਭਾਸ਼ਾ ਦਾ ਯੋਗ ਨਹੀਂ ਕੀਤਾ। ਇਤਨਾ ਹੀ ਆਖਿਆ :

***ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥***
***ਕੋਈ ਆਖੈ ਆਦਮੀ ਨਾਨਕੁ ਵੇਚਾਰਾ॥***
***ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥***
***ਹਉ ਹਰਿ ਬਿਨੁ ਅਵਰੁ ਨ ਜਾਨਾ॥੧॥ਰਹਾਉ॥***
***ਅੰਗ - ੯੯੧***

ਭੱਟ ਭੀ ਗੁਰੂ-ਕਾਲ (ਸਮੇਂ) ਦੇ ਮੰਨੇ ਪ੍ਰਮੰਨੇ ਬ੍ਰਾਹਮਣ ਵਿਦਵਾਨ ਹੋਏ ਹਨ। ਵਿਦਵਾਨ ਹੋਣਾ ਹੋਰ ਗੱਲ ਹੈ ਪਰ ਆਤਮਾ ਦੀ ਖੋਜ ਕਰਨ ਵਾਲੇ ਬਣਨਾ ਹੋਰ ਹੀ ਗੱਲ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਪਾਸ ਇਹ ਗਿਆਰਾਂ ਭੱਟ ਜਦੋਂ ਆਏ ਤਾਂ ਉਨ੍ਹਾਂ ਦੀ ਆਤਮ-ਤ੍ਰਿਪਤੀ ਹੋਈ ਅਤੇ ਇਉਂ ਭੱਟਾਂ ਦੀ ਬਾਣੀ ਰਾਹੀਂ ਗੁਰੂ ਨਾਨਕ ਜੋਤਿ ਦੀ ਪਾਰਬ੍ਰਹਮ ਵਿਚ ਅਭੇਦਤਾ ਦੇ ਵਿਸ਼ੇ ਦੀ ਬ੍ਰਾਹਮਣ ਵਿਦਵਾਨਾਂ ਨੂੰ ਭੀ ਸੋਝੀ ਹੋਈ। ਗੁਰਮਤਿ ਦੇ ਆਸ਼ੇ ਅਨੁਸਾਰ ਗੁਰੂ ਅਤੇ ਪਰਮੇਸ਼ਰ ਦੀ ਅਭੇਦਤਾ ਦਾ ਸਾਰ ਤੱਤ ਇਹ ਹੈ ਕਿ ਸਰਬ-ਵਿਆਪੀ ਪ੍ਰਭੂ ਦੇ ਅਨੇਕ ਗੁਣਾਂ ਵਿੱਚੋਂ ਇਕ ਸਰਬ-ਸ਼੍ਰੇਸ਼ਠ ਗੁਣ ਹੈ, 'ਗੁਰੂ' ਹੋ ਕੇ ਸੰਸਾਰ ਦਾ ਕਲਯਾਨ ਕਰਨਾ। ਪਰਮਾਤਮਾ ਦੀ ਜੋਤਿ ਤਾਂ ਭਾਵੇਂ ਹਰ ਇਕ ਜੀਵ ਵਿਚ ਹੁੰਦੀ ਹੈ ਪਰ ਗੁਰੂ-ਜੋਤਿ ਰੂਪ ਧਾਰ ਕੇ ਵਾਹਿਗੁਰੂ ਆਪਣੀ ਅਕਲ-ਕਲਾ ਦੁਆਰਾ ਜਗਿਆਸੂਆਂ ਵਿਚ ਜੋਤਿ ਪ੍ਰਕਾਸ਼ਨ ਦੀ ਬਖ਼ਸ਼ਸ਼ ਕਰਦਾ ਹੈ। ਗੁਰੂ ਨਾਨਕ ਜੋਤ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੁਆਰਾ ਦੀਖਿਅਤ ਹੋ ਕੇ ਨਾਮ ਅਭਿਆਸ ਕਮਾਈ ਦੁਆਰਾ ਹਰ ਹਿਰਦੇ-ਘਟ ਅੰਤਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਪਾਰਬ੍ਰਹਮ ਵਿਚ ਅਭੇਦਤਾ ਗੁਰੂ ਕਿਰਪਾ ਰਾਹੀਂ ਹੋ ਜਾਂਦੀ ਹੈ। ਫੁਰਮਾਨ ਹੈ :

***ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥***
***ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ॥***
***ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ॥ ਅੰਗ - ੧੪੩***

ਇਹ ਹੈ ਗੁਰਮਤਿ ਗਾਡੀ-ਰਾਹ। ਬਾਕੀ ਕਈ ਲੋਕ ਸਤਿਗੁਰ ਨਾਨਕ ਦੇਵ ਜੀ ਦੀ ਬਾਣੀ ਨੂੰ ਆਧਾਰ ਬਣਾ ਕੇ ਸ਼ਬਦ-ਗੁਰ ਤੋਂ ਪਰੇ ਹਟ ਕੇ ਦੇਹਧਾਰੀ ਬਾਬੇ ਅਤੇ ਗੁਰੂ ਬਣ-ਬਣ ਬੈਠੇ ਹੋਏ ਹਨ ਤੇ ਲੋਕਾਂ ਨੂੰ ਆਪਣੇ ਮਗਰ ਲਾਇਆ ਹੋਇਆ ਹੈ। ਇਹ ਸਭ ਭੀ ਅਕਾਲ ਪੁਰਖ ਦੇ ਭਾਣੇ ਵਿਚ ਹੀ ਹੋ ਰਿਹਾ ਹੈ, ਪਰ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਕੋਈ ਘਟਾਅ ਨਹੀਂ ਸਕਦਾ।

ਬਹੁਤਾ ਲਾਂਭੇ ਨਾ ਜਾਂਦੇ ਹੋਏ ਭੱਟਾਂ ਨੇ ਪਹਿਲੀ ਪਾਤਸ਼ਾਹੀ ਤੋਂ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਤਕ ਉਸਤਤ ਕਰਦੇ ਹੋਏ ਇਹ ਤੱਤ ਸਾਹਮਣੇ ਲਿਆਂਦੇ ਹਨ ਕਿ ਪਾਰਬ੍ਰਮ ਅਤੇ ਗੁਰੂ ਸਾਹਿਬਾਨ ਵਿਚ ਕੋਈ ਅੰਤਰ ਨਹੀਂ, ਤਥਾ:

***ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥***
***ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥***
***ਲਹਣੈ ਪੰਥੁ ਧਰਮ ਕਾ ਕੀਆ ॥***
***ਅਮਰਦਾਸ ਭਲੇ ਕਉ ਦੀਆ ॥***
***ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ ॥***
***ਹਰਿ ਕਾ ਨਾਮੁ ਅਖੈ ਨਿਧਿ ਅਪ੍ਯਉ ॥...***
***ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ॥***
***ਸਤਿਗੁਰੁ ਗੁਰੁ ਸੇਵਿ ਅਲਖ ਗਤਿ,***
***ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥ ਅੰਗ - ੧੪੦੧***

ਸਵਯੇ ਸ੍ਰੀ ਮੁਖ ਵਾਕ ਮਹਲਾ ੫, ਦੇ ਸਿਰਲੇਖ ਹੇਠਾਂ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਬਾਰੇ ਇਉਂ ਲਿਖਦੇ ਹਨ :

***ਜਨੁ ਨਾਨਕੁ ਭਗਤੁ ਦਰਿ, ਤੁਲਿ ਬ੍ਰਹਮ ਸਮਸਰਿ,***
***ਏਕ ਜੀਹ ਕਿਆ ਬਖਾਨੈ॥***
***ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥***
***ਅੰਗ - ੧੩੮੫***

ਗੁਰੂ ਅਰਜਨ ਦੇਵ ਜੀ ਆਸਾ ਰਾਗ ਵਿਚ ਭੀ ਫੁਰਮਾਉਂਦੇ ਹਨ :

***ਕਲਿਜੁਗੁ ਉਧਾਰਿਆ ਗੁਰਦੇਵ॥***

***(ਬਾਕੀ ਪੰਨਾ 15 'ਤੇ)***

# ਜਨਮ ਅਸਥਾਨ ਨਨਕਾਣਾ ਸਾਹਿਬ ਦਾ ਇਤਿਹਾਸਕ ਪਿਛੋਕੜ

*(ਭਾਈ ਹਰਵਿੰਦਰ ਸਿੰਘ ਜੀ ਖਾਲਸਾ, ਬਠਿੰਡਾ)*

ਸਿੱਖਾਂ ਦੀ ਜਨਮ ਭੂਮੀ ਸ੍ਰੀ ਨਨਕਾਣਾ ਸਾਹਿਬ ਹੈ ਜੋ ਇਸ ਸਮੇਂ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਦੀ ਇੱਕ ਤਹਿਸੀਲ ਦਾ ਮੁੱਖ ਦਫ਼ਤਰ ਹੈ ਅਤੇ ਲਾਹੌਰ ਦੇ ਪੱਛਮ ਵਿੱਚ ੮੦ ਕਿਲੋ ਮੀਟਰ ਦੂਰ ਅਤੇ ਦਰਿਆ ਰਾਵੀ ਦੇ ਉੱਤਰ ਵਿੱਚ ੩੦ ਕੁ ਕਿਲੋਮੀਟਰ ਦੇ ਫਾਸਲੇ 'ਤੇ ਵਧੀਆ ਉਪਜਾਊ ਮੈਦਾਨ ਵਿੱਚ ਵੱਸਿਆ ਹੋਇਆ ਹੈ। ਸਮੇਂ ਨੇ ਬੜੀ ਕਰਵਟ ਲਈ, ਦਰਿਆ ਰਾਵੀ ਅਤੇ ਝਨਾਂ ਦੇ ਵਿਚਕਾਰ ਜੋ ਧਰਤੀ ਹੈ, ਉਸ ਵਿੱਚ ਬੜੇ ਸੰਘਣੇ ਜੰਗਲ ਸਨ, ਜਿਸ ਕਰਕੇ ਉਸ ਨੂੰ ਬਾਰ ਕਿਹਾ ਜਾਂਦਾ ਸੀ। ਪੁਰਾਣੇ ਸਮੇਂ ਵਿੱਚ ਇਸ ਇਲਾਕੇ ਅੰਦਰ ਆਬਾਦੀ ਬਹੁਤ ਘੱਟ ਸੀ ਅਤੇ ਦੂਰ ਫਾਸਲੇ ਤੇ ਕੋਈ ਟਾਵਾਂ-ਟਾਵਾਂ ਪਿੰਡ ਆਬਾਦ ਸੀ। ਉਸ ਸਮੇਂ ਹਾਲਾਤ ਬਹੁਤ ਹੀ ਮਾੜੇ ਸਨ ਅਤੇ ਮੁਸਲਮਾਨਾਂ ਵਲੋਂ ਪਿੰਡਾਂ ਤੇ ਹਮਲੇ ਕਰਕੇ ਉਹਨਾਂ ਨੂੰ ਲੁਟਿਆ ਅਤੇ ਸਾੜਿਆ ਜਾਂਦਾ ਸੀ। ਇਸੇ ਗੇੜ ਵਿੱਚ ਉਸ ਇਲਾਕੇ ਅੰਦਰ ਵਸਿਆ ਨਗਰ ਤਲਵੰਡੀ ਵੀ ਆਗਿਆ ਜਿਸ ਨੂੰ ਅੱਗ ਲਗਾ ਕੇ ਸਾੜ੍ਹਿਆ ਗਿਆ।

ਨਨਕਾਣਾ ਸਾਹਿਬ ਦੇ ਦੱਖਣ ਵਿੱਚ ਇਸ ਤੋਂ ਚਾਰ ਕੁ ਸੌ ਗਜ ਦੀ ਵਿੱਥ ਤੇ ਇਕ ਬਹੁਤ ਵੱਡਾ ਤੇ ਉੱਚਾ ਥੇਹ ਹੈ, ਜੋ 'ਧਉਲਰ' ਦੇ ਨਾਮ ਨਾਲ ਮਸ਼ਹੂਰ ਹੈ। ਇਸ ਥਾਂ ਤੋਂ ਮਿਲੀਆਂ ਨਿਸ਼ਾਨੀਆਂ ਤੋਂ ਪਤਾ ਲਗਦਾ ਹੈ ਕਿ ਕਈ ਸਦੀਆਂ ਪਹਿਲਾਂ ਇਹ ਕਿਸੇ ਰਾਜੇ ਦਾ ਮਹੱਲ ਸੀ। ਇਥੇ ਇਕ ਖੂਹ ਵੀ ਹੈ ਜੋ ਰਾਣੀ ਸੀਤਾ ਦਾ ਕਰਕੇ ਜਾਣਿਆਂ ਜਾਂਦਾ ਹੈ। ਥੇਹ ਦੇ ਪੂਰਬ ਵੱਲ ਨੇੜੇ ਹੀ ਇਹ ਹੋਰ ਪੁਰਾਣਾ ਖੂਹ ਹੈ ਜਿਸ ਨੂੰ ਬਾਬੇ ਵਾਲਾ ਖੂਹ ਕਿਹਾ ਜਾਂਦਾ ਹੈ। ਇਹ ਇਲਾਕਾ ਕਿੰਨੀ ਵਾਰ ਉਜੜਿਆ ਅਤੇ ਕਿੰਨੀ ਵਾਰ ਵਸਿਆ, ਇਸ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ।

ਬਹਿਲੋਲ ਲੋਧੀ ਸੰਨ ੧੪੪੧ ਈ. ਵਿੱਚ ਲਾਹੌਰ ਤੇ ਦੀਪਾਲਪੁਰ ਦਾ ਹਾਕਮ ਬਣਿਆ। ਉਸ ਸਮੇਂ ਭੱਟੀ ਰਾਜਪੂਤ ਜੋ ਪਹਿਲਾਂ ਹਿੰਦੂ ਸਨ ਪਰ ਮੁਸਲਮਾਨਾਂ ਦੇ ਹਮਲਿਆਂ ਤੋਂ ਬਾਅਦ ਮੁਸਲਮਾਨ ਬਣ ਗਏ, ਉਸ (ਤਲਵੰਡੀ) ਇਲਾਕੇ ਦੇ ਆਸ ਪਾਸ ਰਹਿੰਦੇ ਸਨ, ਉਨ੍ਹਾਂ ਵਿਚੋਂ (ਰਾਇ ਭੋਂ) ਭੱਟੀ ਰਾਜਪੂਤ ਜੋ ਚੰਗੇ ਦਬ ਦਬਾਅ ਵਾਲਾ ਸੀ ਉਥੇ ਨਾਲ ਹੀ ਰਹਿੰਦਾ ਸੀ, ਨੇ ਅਤੇ ਉਸ ਦੇ ਪੁੱਤਰ ਰਾਇ ਬੁਲਾਰ ਨੇ ਉਸ ਪੁਰਾਣੀ ਤਲਵੰਡੀ ਦੇ ਥੇਹ ਤੇ ਨਵੀਂ ਤਲਵੰਡੀ ਦੀ ਨੀਂਹ ਰੱਖੀ ਅਤੇ ਇੱਕ ਕੱਚਾ ਕਿਲ੍ਹਾ ਆਪਣੇ ਰਹਿਣ ਵਾਸਤੇ ਬਣਾਇਆ ਜੋ ਰਾਇ ਭੋਇ ਦੀ ਤਲਵੰਡੀ ਕਰਕੇ ਮਸ਼ਹੂਰ ਹੋਇਆ। ਇਨ੍ਹਾਂ ਪਿਓ, ਪੁੱਤ ਦਾ ਹਿੰਦੂ, ਮੁਸਲਮਾਨਾਂ ਨਾਲ ਪੂਰਾ ਪ੍ਰੇਮ ਪਿਆਰ ਸੀ। ਰਾਇ ਬੁਲਾਰ ਕੋਲ ਥੋੜੀ ਜਿਹੀ ਖੇਤੀ ਲਈ ਜ਼ਮੀਨ ਅਤੇ ਵੱਡਾ ਜੰਗਲ ਸੀ। ਬੇਦੀ ਵੰਸ ਵਿਚੋਂ ਮਹਿਤਾ ਸ਼ਿਵਰਾਮ ਬੇਦੀ ਦਾ ਸਪੁੱਤਰ ਮਹਿਤਾ ਕਾਲੂ ਜੀ (ਕਲਯਾਨ ਦਾਸ) ਨਾਮ ਦਾ ਪੜ੍ਹਿਆ ਲਿਖਿਆ ਇੱਕ ਸੱਜਣ ਇਸ ਸਮੇਂ ਰਾਇ ਬੁਲਾਰ ਕੋਲ ਪਟਵਾਰੀ ਦਾ ਕੰਮ ਕਰਦਾ ਸੀ ਅਤੇ ਕਿਲ੍ਹੇ ਦੇ ਕੋਲ ਜਿਥੇ ਹੋਰ ਲੋਕਾਂ ਦੇ ਮਕਾਨ ਸਨ, ਮਹਿਤਾ ਕਾਲੂ ਜੀ ਦਾ ਵੀ ਇੱਕ ਛੋਟਾ ਜਿਹਾ ਕੋਠਾ ਸੀ। ਉਸ ਕੋਠੇ ਵਿੱਚ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ੧੪੬੯ ਈ. ਨੂੰ ਇਕ ਬਾਲਕ ਨੇ ਜਨਮ ਲਿਆ ਜਿਸ ਦਾ ਨਾਮ ਨਾਨਕ ਧਰਿਆ ਗਿਆ।

ਗੁਰੂ ਨਾਨਕ ਪਾਤਸ਼ਾਹ ਦੀ ਵੱਡੀ ਭੈਣ ਦਾ ਜਨਮ ਉਸ ਦੇ ਨਾਨਕੇ ਪਿੰਡ ਚਾਹਲ ਜ਼ਿਲ੍ਹਾ ਲਾਹੌਰ ਵਿਖੇ ਹੋਣ ਕਰਕੇ ਪ੍ਰਚਲਤ ਨਾਮ ਨਾਨਕੀ ਪੈ ਗਿਆ, ਜਿਸ ਪਿਛੋਂ ਇਸ ਬਾਲਕ ਦਾ ਨਾਮ ਨਾਨਕ ਪੈ ਗਿਆ। ਜਿਵੇਂ ਪਿੰਡਾਂ ਵਿੱਚ ਆਮ ਹੀ ਕਿਹਾ ਜਾਂਦਾ ਹੈ, ਉਸੇ ਤਰ੍ਹਾਂ ਭੈਣ ਨਾਨਕੀ ਦਾ ਵੀਰ ਨਾਨਕ ਕਹਿ ਕੇ ਬੁਲਾਇਆ ਜਾਣ ਲੱਗਿਆ। ਗੁਰੂ ਨਾਨਕ ਪਾਤਸ਼ਾਹ ਦੇ ਦਾਦੇ ਦਾ ਨਾਮ ਸ਼ਿਵ ਰਾਮ ਅਤੇ ਦਾਦੀ ਦਾ ਨਾਮ ਬਨਾਰਸੀ ਸੀ। ਗੁਰੂ ਨਾਨਕ ਪਾਤਸ਼ਾਹ ਦੇ ਚਾਚੇ ਦਾ ਨਾਮ ਲਾਲੂ ਸੀ।

ਗੁਰੂ ਨਾਨਕ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਬਾਬਾ ਲਖਮੀਦਾਸ ਦੇ ਸਪੁੱਤਰ ਬਾਬਾ ਧਰਮ

ਚੰਦ ਜੀ ਨੇ ੧੫੭੯ ਈ. ਵਿੱਚ ਡੇਰਾ ਬਾਬਾ ਨਾਨਕ ਤੋਂ ਜਾ ਕੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਜਨਮ ਅਸਥਾਨ ਵਾਲੇ ਕੋਠੇ ਨੂੰ ਠੀਕ ਕਰਵਾਕੇ ਉਸ ਦਾ ਨਾਮ ਕੋਠਾ ਸਾਹਿਬ ਰੱਖਿਆ। ਗੁਰੂ ਅਰਜਨ ਦੇਵ ਜੀ ਨੇ ਇਸ ਗੁਰਧਾਮ ਦੀ ਬੁਨਿਆਦ ਰੱਖ ਕੇ ਇਸ ਅਸਥਾਨ ਨੂੰ ਕਾਇਮ ਕੀਤਾ ਅਤੇ ਬਾਕੀ ਦੇ ਅਸਥਾਨ ਵੀ ਤਿਆਰ ਕਰਵਾਏ। ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਸ਼ਮੀਰ ਤੋਂ ਵਾਪਸ ਆਉਂਦੇ ਹੋਏ ਰਾਇ ਭੋਏ ਦੀ ਤਲਵੰਡੀ, ਨਨਕਾਣਾ ਸਾਹਿਬ ਆਏ ਅਤੇ ਇਥੇ ਕਈ ਦਿਨ ਨਿਵਾਸ ਕਰਕੇ ਗੁਰਧਾਮਾਂ ਦੀ ਸੇਵਾ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਿਥੇ ਸੰਗਤਾਂ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ ਉਥੇ ਨਨਕਾਣਾ ਸਾਹਿਬ ਨਿਮਾਣੀ ਇਕਾਦਸ਼ੀ ਦਾ ਮੇਲਾ ਵੀ ਸ਼ੁਰੂ ਕਰਵਾਇਆ ਜੋ ਸੰਗਤ ੧੯੧੩ ਬਿਕ੍ਰਮੀ ਨੂੰ ਮਹੰਤ ਗੁਲਾਬ ਸਿੰਘ ਨਿਰਮਲੇ ਨੇ ਬਦਲਾਕੇ ਕੱਤਕ ਦੀ ਪੁੰਨਿਆ ਕਾਇਮ ਕੀਤਾ ਕਿਉਂਕਿ ਨਿਮਾਣੀ ਦੇ ਸਮੇਂ ਪਾਣੀ ਦੀ ਬੜੀ ਸਮੱਸਿਆ ਹੁੰਦੀ ਸੀ। ਉਸ ਸਮੇਂ ਨਿਮਾਣੀ ਦੇ ਮੇਲੇ ਕਰਕੇ ਸੰਗਤਾਂ ਲਾਹੌਰ ਤੇ ਅੰਮ੍ਰਿਤਸਰ ਤੋਂ ਆਉਂਦੀਆਂ ਸਨ। ਅੰਤ ਗੁਲਾਬ ਸਿੰਘ ਨੇ ਨਿਮਾਣੀ ਦੀ ਥਾਂ ਕੱਤਕ ਦੀ ਪੁੰਨਿਆ ਨੂੰ ਜੋੜਮੇਲਾ ਸ਼ੁਰੂ ਕੀਤਾ ਜੋ ਅੱਜ ਤੱਕ ਚਲਦਾ ਆ ਰਿਹਾ ਹੈ।

ਬਾਬਾ ਧਰਮ ਚੰਦ ਜੀ ਤੋਂ ਪਿਛੋਂ ਉਨ੍ਹਾਂ ਦੇ ਸਪੁੱਤਰ ਬਾਬਾ ਮੇਹਰ ਚੰਦ ਜੀ ਅਤੇ ਬਾਬਾ ਮੇਹਰ ਚੰਦ ਦੇ ਸਪੁੱਤਰ ਬਾਬਾ ਨਿਧਾਨ ਚੰਦ ਜੀ ਕਦੇ ਕਦਾਈ ਨਨਕਾਣਾ ਸਾਹਿਬ ਜਾਂਦੇ ਰਹਿੰਦੇ। ਬਾਬਾ ਨਿਧਾਨ ਚੰਦ ਦੇ ਸਪੁੱਤਰ ਬਾਬਾ ਲਾਜਪਤ ਜੀ ਨੇ ੧੬੯੮ ਈ. ਵਿੱਚ ਸਾਧੂ ਹਨੂਮਾਨ ਜੀ ਨੂੰ ਇਸ ਅਸਥਾਨ ਦੀ ਸੇਵਾ ਦਿੱਤੀ ਕਿਉਂਕਿ ਡੇਰਾ ਬਾਬਾ ਨਾਨਕ ਤੋਂ ਨਨਕਾਣਾ ਸਾਹਿਬ ਲਈ ਸੇਵਾ ਸੰਭਾਲ ਵਾਸਤੇ ਆਉਣਾ ਜਾਣਾ ਔਖਾ ਸੀ। ਭਾਈ ਦੁਨੀ ਚੰਦ ਉਦਾਸੀ ਅਤੇ ਭਾਈ ਨੱਥਾ ਜੀ ਨਿਅਲਾ ੧੬੯੦ ਈ. ਨੂੰ ਡੇਰਾ ਬਾਬਾ ਨਾਨਕ ਗਏ ਅਤੇ ਬਾਬਾ ਲਾਜਪਤ ਜੀ ਨੂੰ ਬੇਨਤੀ ਕੀਤੀ ਕਿ ਤਲਵੰਡੀ ਕੋਠਾ ਸਾਹਿਬ ਦੇ ਅਸਥਾਨ ਦੀ ਸੇਵਾ ਕਰਨ ਲਈ ਉਨ੍ਹਾਂ ਨੂੰ ਲਾਇਆ ਜਾਵੇ। ਬਾਬਾ ਲਾਜਪਤ ਜੀ ਨੇ ਉਨ੍ਹਾਂ ਦੀ ਗੱਲ ਮੰਨ ਕੇ ਉਨ੍ਹਾਂ ਨੂੰ ਸਾਧੂ ਹਨੂਮਾਨ ਜੀ ਕੋਲ ਭੇਜ ਦਿੱਤਾ। ਹੁਣ ਤਿੰਨ੍ਹਾਂ ਦੇ ਰਹਿਣ ਲਈ ਕਮਰਿਆਂ ਦੀ ਤਿਆਰੀ ਕਰਕੇ ਹੋਰ ਲੋਕਾਂ ਲਈ ਵੀ ਮਕਾਨ ਤਿਆਰ ਕਰਵਾਏ ਗਏ। ਇਸ ਅਸਥਾਨ ਦਾ ਨਾਂ ਨਨਕਾਣਾ ਸਾਹਿਬ ਰੱਖਿਆ ਗਿਆ। ਇਸ ਅਸਥਾਨ ਤੇ ਸਾਧੂ ਹਨੂਮਾਨ ਜੀ ਨੇ ਦੀਵਾ ਜਗਾਉਣ ਅਤੇ ਝਾੜੂ ਦੇਣ ਦੀ ਸੇਵਾ ਸ਼ੁਰੂ ਕੀਤੀ।

ਸਿੱਖ ਰਾਜ ਦੇ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਅਸਥਾਨ ਤੇ ਗੁਰਦੁਆਰੇ ਬਣਵਾਏ ਅਤੇ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਵਾਸਤੇ ੧੭੬੭੫ ਏਕੜ ਰਕਬਾ ਗੁਰਦੁਆਰਿਆਂ ਦੇ ਨਾਮ ਲਗਵਾਇਆ। ਜਿਸ ਉਤੇ ਬਾਅਦ ਵਿੱਚ ਗੁਰਦੁਆਰਾ ਜਨਮ ਅਸਥਾਨ, ਬਾਲ ਲੀਲਾ, ਮਾਲ ਸਾਹਿਬ ਅਤੇ ਕਿਆਰਾ ਸਾਹਿਬ ਦੇ ਮਹੰਤਾਂ ਨੇ ਆਪੋ ਆਪਣੇ ਕਬਜ਼ੇ ਕਰ ਲਏ। ਇਸ ਵਿੱਚੋਂ ਬਹੁਤ ਥੋੜਾ ਹਿੱਸਾ ਉਸ ਸਮੇਂ ਖੂਹਾਂ ਤੋਂ ਸਿੰਜਿਆ ਜਾਂਦਾ ਅਤੇ ਉਪਜਾਊ ਸੀ। ਖੂਹ ਗਿਣਤੀ ਦੇ ਅਤੇ ਬਹੁਤ ਪੁਰਾਣੇ ਸਨ। ਇਨ੍ਹਾਂ ਵਿੱਚ ਵਿਸ਼ੇਸ਼ ਖੂਹ ਭਾਈ ਬਾਲੇ ਵਾਲਾ, ਸੀਤਾ ਵਾਲਾ, ਬੁੱਤ ਵਾਲਾ, ਖਿਪਵਾਲਾ, ਪੈੜੇ ਵਾਲਾ, ਮਾਲ ਸਾਹਿਬ ਅਤੇ ਬਾਲ ਲੀਲਾ ਵਾਲਾ ਸਨ। ਸਮੇਂ ਦੇ ਨਾਲ ਜਿਓਂ ਜਿਓਂ ਬਸਤੀਆਂ ਬਣਦੀਆਂ ਗਈਆਂ ਤਾਂ ਵਾਹੁਣ ਯੋਗ ਰਕਬਾ ੧੫੯੨੬ ਏਕੜ ਰਹਿ ਗਿਆ ਸੀ।

ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਸੇਵਾ ਸੰਭਾਲ ਵੱਖੋ ਵੱਖ ਉਦਾਸੀ ਮਹੰਤ ਤੇ ਸਾਧੂ ਕਰਦੇ ਰਹੇ। ਮਹੰਤ ਗੁਲਾਬ ਸਿੰਘ ਜੀ ੧੧ ਅਸੂ ਸੰਮਤ ੧੯੧੯ ਦਿਨ ਐਤਵਾਰ ਸਵਰਗਵਾਸ ਹੋਏ ਅਤੇ ਮਹੰਤ ਝੰਡਾ ਦਾਸ ਜੀ ਨੇ ਸੇਵਾ ਸੰਭਾਲੀ ਜੋ ਸੰਮਤ ੧੯੩੯ ਨੂੰ ਅਕਾਲ ਚਲਾਣਾ ਕਰ ਗਏ। ਇਸ ਤੋਂ ਬਾਅਦ ਸਾਧੂ ਰਾਮ ਜੀ ਸੰਮਤ ੧੯੬੨ ਤੱਕ ਸੇਵਾ ਕਰਦੇ ਰਹੇ ਜੋ ੧ ਚੇਤ ਸੰਮਤ ੧੯੬੨ ਨੂੰ ਸਵਰਗਵਾਸ ਹੋਏ। ਇਨ੍ਹਾਂ ਤੋਂ ਬਾਅਦ ਮਹੰਤ ਕਿਸ਼ਨ ਦਾਸ ਨੇ ਸੇਵਾ ਸੰਭਾਲੀ ਜੋ ੧੬ ਮੱਘਰ ਸੰਮਤ ੧੯੭੧ ਨੂੰ ਅਕਾਲ ਚਲਾਣਾ ਕਰ ਗਏ ਅਤੇ ਉਨ੍ਹਾਂ ਦੀ ਥਾਂ ਬਾਵਾ ਜਵਾਹਰ ਦਾਸ ਦੇ ਪੁੱਤਰ ਨਾਰਾਇਣ ਦਾਸ ਨੂੰ ਮਹੰਤ ਬਣਵਾਇਆ ਜੋ ਭਾਈ ਫੇਰੂ ਦੇ ਰਹਿਣ ਵਾਲੇ ਸਨ। ਇਸੇ ਮਹੰਤ ਨਾਰਾਇਣ ਦੀ ਅਗਵਾਈ ਵਿੱਚ ੨੦ ਫਰਵਰੀ ੧੯੨੧ ਈ. ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਵਾਪਰਿਆ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਖਾਲਸਾ ਰਾਜ ਸਮੇਂ ਵੱਖੋ-ਵੱਖਰੇ ਸਿੰਘ ਸਰਦਾਰਾਂ ਨੇ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਦੇ ਨਾਂ ਜਗੀਰਾਂ ਲੁਆਈਆਂ ਸਨ ਜਿੰਨ੍ਹਾਂ ਵਿੱਚ ਪਿੰਡ ਖਾਕੀ, ਪਿੰਡ ਨੰਗਲੀ, ਤਲਕਾ, ਦੋਦਾ ਪ੍ਰਗਨਾ, ਸ਼ਕਰਗੜ੍ਹ ਜ਼ਿਲ੍ਹਾ ਦੀਨਾ ਨਗਰ, ਅਭੀਆਂ ਵਾਲਾ, ਮੌਜੀਆਂ ਖੂਨੀ, ਪਿੰਡ ਖੈਰਪੁਰ, ਠੱਟਾ ਗੁਲਾਮ ਹੁਸੈਨ, ਪਿੰਡ ਸ਼ੀਰੀ, ਪਿੰਡ ਤਾਸ਼ਪੁਰ, ਮਨੂ, ਸ਼ਾਹਪੁਰ, ਜੈਸ਼ਲ, ਵਾਵੜੀਆ ਵਾਲਾ, ਮਿੱਠਾ ਸਧਾਨਾ, ਤਰਖਾਣਾ ਵਾਲਾ, ਵੜਿੰਗ, ਨੂਨਾਰੀ, ਪਿੰਡ ਚੇਰੀ, ਮਛੋੜਾ ਹਾਸ਼ਮ ਵਾਲਾ, ਕੁੰਡਲ, ਡੁਲਚੀਆ, ਬਾਠ, ਆਦਿ ਵਿੱਚ ਵੱਖੋ ਵੱਖ ਰਕਬੇ ਦੀਆਂ ਜਮੀਨਾਂ ਸਨ।

੨੦ ਫਰਵਰੀ ੧੯੨੧ ਈ. ਦੇ ਸਾਕੇ ਤੋਂ ਬਾਅਦ ਪੰਜਾਬ ਸਰਕਾਰ ਵਲੋਂ ਲਾਹੌਰ ਦੇ ਕਮਿਸ਼ਨਰ ਮਿਸਟਰ ਕਿੰਗ ਨੇ ਗੁਰਦੁਆਰਾ ਜਨਮ ਅਸਥਾਨ ਦਾ ਕਬਜਾ ਸੱਤ ਮੈਂਬਰਾਂ ਦੀ ਕਮੇਟੀ ਨੂੰ, ਜਿਸ ਦੇ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀ

***(ਬਾਕੀ ਪੰਨਾ 20 'ਤੇ)***

# ਗੁਰੂ ਨਾਨਕ ਬਾਣੀ ਦੀ ਕ੍ਰਾਂਤੀਕਾਰੀ ਮਾਨਵੀ ਸੰਵੇਦਨਾ

*[ਡਾ. ਚਮਕੌਰ ਸਿੰਘ ਜੀ, ਪਟਿਆਲਾ]*

ਗੁਰੂ ਨਾਨਕ ਸਾਹਿਬ ਦੀ ਸਮੁੱਚੀ ਬਾਣੀ ਇਨਸਾਨ ਨੂੰ ਸਹੀ ਦਿਸ਼ਾ 'ਚ ਤੁਰਨ ਲਈ ਪ੍ਰੇਰਣਾ ਦਿੰਦੀ ਹੈ। ਫਿਰ ਵੀ ਕੁਝ ਸਤਰਾਂ ਮਾਨਵੀ ਸੋਚ ਉਪਰ ਏਨਾ ਅਸਰ ਛੱਡਦੀਆਂ ਹਨ ਕਿ ਮਨ ਨੂੰ ਝੰਜੋੜ ਕੇ ਰੱਖ ਦਿੰਦੀਆਂ ਹਨ। ਮੌਜੂਦਾ ਸਮੇਂ ਜਦ ਅਸੀਂ ਆਪਣੇ ਅੰਦਰ ਹਿਰਦੇ ਨੂੰ ਜਾਂ ਬਾਹਰਲੇ ਆਲੇ-ਦੁਆਲੇ ਨੂੰ ਗਹੁ ਨਾਲ ਘੋਖਦੇ ਹਾਂ ਤਾਂ ਇਕ ਸੰਵੇਦਨਸ਼ੀਲ ਇਨਸਾਨ ਨੂੰ ਚਾਰੋ ਪਾਸੇ ਅਜੀਬ ਕਿਸਮ ਦੀ ਖਿੱਚੋਤਾਣ, ਹਫੜਾ-ਦਫੜੀ, ਆਪਾਧਾਪੀ, ਕਲਹ-ਕਲੇਸ਼, ਦੂਈ-ਦਵੈਤ ਦਾ ਬੋਲਬਾਲਾ ਨਜ਼ਰ ਆਉਂਦਾ ਹੈ। ਭਰਾ, ਭਰਾ ਦਾ ਵੈਰੀ ਹੋ ਰਿਹਾ ਹੈ। ਪੁੱਤਰ, ਕਪੁੱਤਰ ਬਣ ਰਿਹਾ ਹੈ। ਦੋਸਤ, ਦੁਸ਼ਮਣ ਨਜ਼ਰ ਆ ਰਿਹਾ ਹੈ। ਰਿਸ਼ਤੇ ਤਿੜਕ ਰਹੇ ਹਨ। ਦੀਨ-ਈਮਾਨ ਗੁਆਚ ਰਿਹਾ ਹੈ। ਇਸ ਵੇਦਨਾ ਨੂੰ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਜਿਸ ਤਰ੍ਹਾਂ ਬਿਆਨ ਕੀਤਾ ਹੈ, ਉਹ ਦਿਲ ਨੂੰ ਧੂਹ ਪਾਉਣ ਵਾਲਾ ਹੈ ਅਤੇ ਅਜੋਕੀ ਹਾਲਤ 'ਤੇ ਪੂਰੀ ਤਰ੍ਹਾਂ ਢੁਕਦਾ ਹੈ:

*ਨਾਨਕ ਦੁਨੀਆ ਕੈਸੀ ਹੋਈ॥*
*ਸਾਲਕੁ ਮਿਤੁ ਨ ਰਹਿਓ ਕੋਈ॥*
*ਭਾਈ ਬੰਧੀ ਹੇਤੁ ਚੁਕਾਇਆ॥*
*ਦੁਨੀਆ ਕਾਰਣਿ ਦੀਨੁ ਗਵਾਇਆ॥ ਅੰਗ - ੧੪੧੦*

ਹਰ ਕੋਈ ਦੁਖੀ ਤੇ ਤਣਾਅਗ੍ਰਸਤ ਨਜ਼ਰ ਆ ਰਿਹਾ ਹੈ। ਕੋਈ ਆਪਣੀ ਔਲਾਦ ਤੋਂ ਦੁਖੀ ਹੈ; ਕੋਈ ਪਤੀ ਤੋਂ, ਕੋਈ ਪਤਨੀ ਤੋਂ। ਕੋਈ ਮਿੱਤਰਾਂ ਤੋਂ ਦੁਖੀ ਹੈ, ਕੋਈ ਰਿਸ਼ਤੇਦਾਰਾਂ ਤੋਂ। ਕੋਈ ਆਪਣੇ ਨੌਕਰ/ਮੁਲਾਜ਼ਮ ਤੋਂ ਦੁਖੀ ਹੈ, ਕੋਈ ਆਪਣੇ ਮਾਲਕ ਜਾਂ ਅਫਸਰ ਤੋਂ। ਪਰਿਵਾਰ ਤੋਂ ਸਰਕਾਰ ਤਕ ਦਾ ਮੰਜ਼ਰ ਇਹ ਹੈ ਕਿ ਹਰ ਕੋਈ ਇਕ-ਦੂਜੇ ਨੂੰ ਕੋਸ ਰਿਹਾ ਹੈ। ਸਭ ਇਕ-ਦੂਜੇ ਨੂੰ ਦੋਸ਼ ਦੇ ਰਹੇ ਹਨ, ਜਦਕਿ ਇਹ ਸਵਾਲ ਹਮੇਸ਼ਾ ਅਣਸੁਲਝਿਆ ਪਿਆ ਰਹਿੰਦਾ ਹੈ ਕਿ ਦੋਸ਼ੀ ਅਸਲ ਵਿਚ ਹੈ ਕੌਣ? ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਇਸ ਸਵਾਲ ਦਾ ਜਵਾਬ ਹੈ:

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥ ਅੰਗ - ੧੨੫੬*

*ਚਿੰਤਤ ਹੀ ਦੀਸੈ ਸਭੁ ਕੋਇ॥*
*ਚੇਤਹਿ ਏਕੁ ਤਹੀ ਸੁਖੁ ਹੋਇ॥ ਅੰਗ - ੯੩੨*

*ਬੁਰਾ ਭਲਾ ਕਹੁ ਕਿਸ ਨੋ ਕਹੀਐ॥*
*ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ॥ ਅੰਗ - ੩੫੩*

ਸਾਰੀਆਂ ਚਿੰਤਾਵਾਂ, ਤੌਖਲਿਆਂ, ਕਲੇਸ਼ਾਂ, ਬੀਮਾਰੀਆਂ ਦੀ ਜੜ੍ਹ ਹੈ, ਸਰਬ-ਸਮਰੱਥ ਪਰਮੇਸ਼ਰ ਨੂੰ ਭੁਲਾ ਦੇਣਾ ਭਾਵ ਸੱਚ ਨੂੰ ਵਿਸਾਰ ਦੇਣਾ। ਸਾਡੇ ਮਨ ਵਿਚ ਦੂਜਿਆਂ ਪ੍ਰਤੀ ਈਰਖਾ, ਨਫ਼ਰਤ, ਵੈਰ-ਵਿਰੋਧ, ਦੂਈ-ਦਵੈਤ ਦੇ ਭਾਵ ਪੈਦਾ ਹੀ ਤਦ ਹੁੰਦੇ ਹਨ, ਜਦ ਅਸੀਂ ਉਨ੍ਹਾਂ ਨੂੰ ਬੇਗਾਨੇ ਸਮਝ ਲੈਂਦੇ ਹਾਂ। ਗੁਰੂ ਨਾਨਕ ਸਾਹਿਬ ਦੀ ਬਾਣੀ ਸਾਨੂੰ ਅਹਿਸਾਸ ਕਰਾਉਂਦੀ ਹੈ ਕਿ ਕਿਸੇ ਨੂੰ ਬੁਰਾ-ਭਲਾ ਕਹਿਣ ਦੀ ਬਜਾਏ, ਸਾਰਿਆਂ ਵਿਚ ਪ੍ਰਭੂ ਦੀ ਜੋਤ ਦੇਖੋ। ਹਰ ਇਕ ਵਿਚ ਇਕੋ ਸਮਰੱਥ ਪਰਮਾਤਮਾ ਦੀ ਜੋਤ ਵਿਆਪ ਰਹੀ ਹੈ। ਹਰ ਜੀਵਨ-ਧੜਕਣ ਵਿਚ ਪਰਮਾਤਮਾ ਦਾ ਪ੍ਰਚੰਡ ਤੇਜ ਧੜਕ ਰਿਹਾ ਹੈ। ਇਹ ਨਜ਼ਰੀਆ ਹਰ ਤਰ੍ਹਾਂ ਦੀ ਨਫਰਤ ਤੇ ਵੈਰ-ਵਿਰੋਧ ਨੂੰ ਮਿਟਾ ਦਿੰਦਾ ਹੈ:

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥*
*ਅੰਗ - ੧੩*

ਗੁਰੂ ਨਾਨਕ ਸਾਹਿਬ ਦੀ ਬਾਣੀ ਸਾਨੂੰ ਆਪੇ ਦੀ ਅਸਲੀਅਤ ਦੇ ਦੀਦਾਰ ਕਰਾਉਂਦੀ ਹੈ। ਸਾਡੇ ਅੰਦਰਲੇ ਸੁਹਜ ਤੇ ਕੁਹਜ ਦੀ ਦੱਸ ਪਾਉਂਦੀ ਹੈ। ਜਦ ਅਸੀਂ ਧਿਆਨ ਨਾਲ ਬਾਣੀ ਪੜ੍ਹਦੇ-ਸੁਣਦੇ ਹਾਂ ਤਾਂ ਸਾਡੇ ਗੁਣਾਂ-ਔਗੁਣਾਂ ਦਾ ਲੇਖਾ-ਜੋਖਾ ਸਹਜ ਸੁਭਾਅ ਸਾਡੀਆਂ ਅੱਖਾਂ ਅੱਗੇ ਘੁੰਮਣ ਲੱਗ ਜਾਂਦਾ ਹੈ। ਤਦ **'ਹਮ ਨਹੀ ਚੰਗੇ ਬੁਰਾ ਨਹੀ ਕੋਇ'** ਦਾ ਅਹਿਸਾਸ, ਮਨ ਨੂੰ ਝੰਜੋੜਦਾ ਹੈ। ਫਿਰ ਮਨ ਅਰਜੋਈ ਕਰ

ਉਠਦਾ ਹੈ:

*ਤੂ ਗੁਣਦਾਤੌ ਨਿਰਮਲੋ ਭਾਈ ਨਿਰਮਲੁ ਨਾ ਮਨੁ ਹੋਇ॥*
*ਹਮ ਅਪਰਾਧੀ ਨਿਰਗੁਣੇ ਭਾਈ ਤੁਝ ਹੀ ਤੇ ਗੁਣੁ ਸੋਈ॥*
*ਅੰਗ - ੬੩੬*

ਅਸਲ ਵਿਚ ਤਰਾਸਦੀ ਇਹ ਹੈ ਕਿ ਅਸੀਂ ਗੱਲਾਂ ਨਾਲ ਚੰਗੇ ਬਣਨਾ ਲੋਚਦੇ ਹਾਂ ਪਰ ਅਮਲ ਮਾੜੇ ਹਨ। ਬਾਹਰੋਂ ਧਰਮੀ ਹੋਣ ਦਾ ਦਿਖਾਵਾ ਕਰਦੇ ਹਾਂ ਪਰ ਮਨਾਂ ਵਿਚ ਮੈਲ ਹੈ। ਰੀਸ ਰੂਹਾਨੀ ਪੁਰਸ਼ਾਂ ਦੀ ਕਰਨੀ ਚਾਹੁੰਦੇ ਹਾਂ ਪਰ ਚੰਗੇ ਅਮਲਾਂ ਤੋਂ ਵਿਹੂਣੇ ਹਾਂ। ਗੁਰੂ ਨਾਨਕ ਸਾਹਿਬ ਦੀਆਂ ਇਹ ਸਤਰਾਂ, ਮਹਿਜ਼ ਦਿਖਾਵੇ ਵਾਲੇ ਇਸ ਕਿਰਦਾਰ 'ਤੇ ਕਰਾਰਾ ਥੱਪੜ ਹਨ:

*ਗੱਲੀ ਅਸੀ ਚੰਗੀਆ ਆਚਾਰੀ ਬੁਰੀਆਹ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥*
*ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥*
*ਅੰਗ - ੮੪-੮੫*

ਅਸੀਂ ਤਾਂ ਇਕ ਅੱਧ ਚੰਗਿਆਈ ਕਰਕੇ ਹੀ ਹਉਮੈ ਨਾਲ ਬਿਫਰ ਜਾਂਦੇ ਹਾਂ ਪਰ ਗੁਣਦਾਤਾ ਪਰਮੇਸ਼ਰ ਧੰਨ ਹੈ ਜੋ ਬੇਅੰਤ ਗੁਣ, ਚੰਗਿਆਈਆਂ ਦਾ ਮਾਲਕ ਹੈ। ਉਹ ਗੁਣਵਾਨਾਂ ਤੇ ਗੁਣਹੀਣਾਂ, ਸਭਨਾਂ ਨੂੰ ਗੁਣ-ਚੰਗਿਆਈਆਂ ਦੀ ਦਾਤ ਵੰਡਦਾ ਹੈ ਪਰ ਕਦੇ ਜਣਾਉਂਦਾ ਨਹੀਂ:

*ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥*
*ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥*
*ਅੰਗ - ੨*

*ਜੇ ਕੋ ਏਕ ਕਰੈ ਚੰਗਿਆਈ ਮਨਿ ਚਿਤਿ ਬਹੁਤੁ ਬਫਾਵੈ॥*
*ਏਤੇ ਗੁਣ ਏਤੀਆ ਚੰਗਿਆਈਆ ਦੇਇ ਨ ਪਛੋਤਾਵੈ॥*
*ਅੰਗ - ੧੩੨੮*

ਸਾਡਾ ਸੁਭਾਅ ਹੈ ਕਿ ਅਸੀਂ ਹਮੇਸ਼ਾ ਆਪਣੇ ਗੁਣ ਤੇ ਦੂਜਿਆਂ ਦੇ ਔਗੁਣ ਚਿਤਾਰਦੇ ਹਾਂ ਪਰ ਦੂਜਿਆਂ ਦੇ ਔਗੁਣਾਂ ਨੂੰ ਨਜ਼ਰ-ਅੰਦਾਜ਼ ਕਰਕੇ ਉਨ੍ਹਾਂ ਨਾਲ ਗੁਣਾਂ ਦੀ ਸਾਂਝ ਪਾਉਣ ਲਈ ਗੁਰੂ-ਬਾਬੇ ਦੀ ਇਹ ਪੰਕਤੀ ਵਾਰ-ਵਾਰ ਮਨ ਨੂੰ ਤਾਕੀਦ ਕਰਦੀ ਹੈ:

*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥*
*ਅੰਗ - ੭੬੬*

ਗੁਰੂ ਨਾਨਕ ਸਾਹਿਬ ਦੀ ਬਾਣੀ ਸੇਵਾ, ਪਰਉਪਕਾਰ ਦੇ ਸੱਚੇ ਮਾਰਗ 'ਤੇ ਨਿਧੜਕ ਹੋ ਕੇ ਚੱਲਣ ਦਾ ਸਾਹਸ ਪੈਦਾ ਕਰਦੀ ਹੈ। ਗਰੀਬਾਂ, ਮਜ਼ਲੂਮਾਂ ਦੀ ਭਲਾਈ ਹਿਤ ਸੱਚਾ ਕਰਮਯੋਗੀ ਬਣਨ ਲਈ ਪ੍ਰੇਰਦੀ ਹੈ। ਇਹ ਬਾਣੀ ਸੱਚਾਈ ਅਤੇ ਲੋਕਾਈ ਹਿਤ ਜੂਝਣ ਵਾਲੇ ਪ੍ਰੇਮ ਦੇ ਇਸ ਖੇਲ ਨੂੰ ਸਿਰ ਦੇ ਕੇ ਨਿਭਾਉਣ ਦਾ ਜਜ਼ਬਾ ਪੈਦਾ ਕਰਦੀ ਹੈ। ਸਮਾਜਕ ਬੰਧਨ, ਤੌਖਲੇ ਅਤੇ ਭਰਮ, ਇਸ ਧਰਮ-ਮਾਰਗ ਦੀਆਂ ਵੱਡੀਆਂ ਰੁਕਾਵਟਾਂ ਹਨ ਜੋ ਕਿ 'ਸੱਚ' ਤੋਂ ਮੂੰਹ ਘੁਮਾਉਣ ਦਾ ਨਤੀਜਾ ਹਨ। ਜ਼ਮੀਰ ਦੀ ਅਵਾਜ਼ ਨੂੰ ਅਣਸੁਣਿਆ ਕਰਕੇ ਜੀਣ ਵਾਲੀ ਕਮਜ਼ੋਰ ਮਾਨਸਿਕਤਾ ਨੂੰ ਗੁਰੂ ਬਾਬੇ ਨੇ ਫਿਟਕਾਰਿਆ ਹੈ:

*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥ ਅੰਗ - ੧੪੨*

ਇਹ ਅਹਿਸਾਸ ਇਕ ਪਰਖੀ ਹੋਈ ਸੱਚਾਈ ਹੈ ਕਿ ਸਾਡੇ ਅੰਦਰ, ਅਗਰ ਪਰਉਪਕਾਰ ਤੇ ਚੰਗਿਆਈ ਦੀ ਕੋਈ ਚੰਗਿਆੜੀ ਮਘ ਰਹੀ ਹੈ ਤਾਂ ਇਹ ਗੁਰੂ-ਬਾਬੇ ਦੀ ਬਾਣੀ ਦਾ ਪਰਤਾਪ ਹੈ। ਇਹ ਪਾਵਨ ਬਾਣੀ ਕੁਝ ਚੰਗਾ ਕਰਨ ਲਈ ਸਾਡੇ ਮਨ ਦੀਆਂ ਤਰੰਗਾਂ ਨੂੰ ਵਾਰ-ਵਾਰ ਛੇੜਦੀ ਹੈ। ਹਲੂਣ-ਹਲੂਣ ਕੇ ਪੁੱਛਦੀ ਹੈ ਕਿ ਐ ਰੱਬ ਦੇ ਬੰਦੇ! ਤੂੰ ਕਾਹਦਾ ਧਰਮੀ ਬਣਿਆ ਫਿਰਦਾ ਹੈਂ? ਆਪਣੇ ਫਰਜ਼ਾਂ ਨੂੰ ਪਛਾਣ! ਲੋਕ-ਲਾਜ ਦੀ ਪਰਵਾਹ ਛੱਡ ਕੇ, ਪਰਮਾਤਮਾ ਦੀ ਨਜ਼ਰ 'ਚ ਪਰਵਾਨ ਹੋਣ ਲਈ ਉਸ ਦੀ ਖਲਕਤ ਨੂੰ ਪ੍ਰੇਮ ਕਰ ਤਾਂ ਕਿ ਉਸ ਪ੍ਰੀਤਮ ਦੀ ਯਾਦ ਕਦੇ ਨਾ ਵਿਸਰੇ:

*ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥*
*ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥ ਅੰਗ - ੫੯੦*

ਅੱਜ ਆਮ ਲੋਕਾਂ ਦੀ ਹਾਲਤ ਬੇਹੱਦ ਤਰਸਯੋਗ ਹੈ ਜਦਕਿ ਪਾਖੰਡ ਦਾ ਬੋਲਬਾਲਾ ਵਧ ਰਿਹਾ ਹੈ। ਗਰੀਬ ਲਈ ਨਾ ਸਿੱਖਿਆ ਦਾ ਪਰਬੰਧ ਰਿਹਾ ਹੈ ਅਤੇ ਨਾ ਕੋਈ ਸਿਹਤ ਸਹੂਲਤ। ਜ਼ਿਆਦਾਤਰ ਰੋਟੀ-ਕੱਪੜੇ ਦੀਆਂ ਮੁੱਢਲੀਆਂ ਜ਼ਰੂਰਤਾਂ ਤੋਂ ਵੀ ਮੁਹਤਾਜ ਹਨ। ਯਤੀਮ ਬੱਚੇ ਅਤੇ ਬੁੱਢੇ ਰੁਲ ਰਹੇ ਹਨ। ਪਰਿਵਾਰ ਟੁੱਟ ਰਹੇ ਹਨ। ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਜਵਾਨੀ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਗਰਕ ਹੋ ਰਹੀ ਹੈ। ਇਨਸਾਫ ਵਿਕ ਰਿਹਾ ਹੈ। ਲੁੱਟਮਾਰ, ਕਤਲੋਗਾਰਤ, ਬਲਾਤਕਾਰ, ਐਕਸੀਡੈਂਟ ਕਾਰਨ ਕਿੰਨੇ ਪਰਿਵਾਰ ਤਬਾਹ ਹੋ ਰਹੇ ਹਨ, ਕੋਈ ਗਿਣਤੀ ਨਹੀਂ।

ਭ੍ਰਿਸ਼ਟਾਚਾਰ, ਪ੍ਰਦੂਸ਼ਣ, ਬੇਰੁਜ਼ਗਾਰੀ, ਮਹਿੰਗਾਈ, ਮੁਨਾਫਾਖੋਰੀ ਨੇ ਆਮ ਲੋਕਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ। ਵਪਾਰੀਕਰਨ ਦੇ ਮੌਜੂਦਾ ਦੌਰ 'ਚ ਸੁੱਚੀ ਕਿਰਤ, ਵਿਦਿਆ, ਫਰਜ਼, ਰਿਸ਼ਤੇ ਆਦਿ ਹਰ ਸ਼ਬਦ ਦੇ ਅਰਥ ਬਦਲ ਰਹੇ ਹਨ। ਹਰ ਮਨੁੱਖ ਸਵਾਰਥੀ ਅਤੇ ਸਵੈ-ਕੇਂਦਰਤ ਹੋ ਰਿਹਾ ਹੈ। ਉਹ ਇਸ ਸਾਰੇ ਵਰਤਾਰੇ ਨੂੰ ਨਜ਼ਰ-ਅੰਦਾਜ਼ ਕਰਕੇ 'ਚੈਨ' ਦੀ ਜ਼ਿੰਦਗੀ ਬਤੀਤ ਕਰਨ 'ਚ ਵਿਸ਼ਵਾਸ ਰੱਖਣ ਲੱਗ ਪਿਆ ਹੈ ਅਤੇ ਇਸੇ ਵਿਚ ਹੀ ਆਪਣੀ ਭਲਾਈ ਸਮਝ ਰਿਹਾ ਹੈ। ਹਾਕਮ ਜਮਾਤ ਨੇ ਲੋਕਾਂ ਦੀ ਭਲਾਈ

ਵੱਲ ਧਿਆਨ ਦੇਣ ਦੀ ਬਜਾਏ, ਸੱਤਾ ਵਿਚ ਕਾਇਮ ਰਹਿਣ ਲਈ ਸਾਰੇ ਸਾਧਨ ਅਤੇ ਸ਼ਕਤੀ ਝੋਕੀ ਹੋਈ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ, ਅਜਿਹੀ ਹਾਲਤ ਨੂੰ ਤਮਾਸ਼ਬੀਨ ਬਣ ਕੇ ਨਹੀਂ ਸੀ ਦੇਖਿਆ। ਉਨ੍ਹਾਂ ਦੀ ਬਾਣੀ ਅੱਜ ਵੀ ਹਾਕਮਾਂ, ਆਗੂਆਂ ਦੇ ਲੋਕ-ਵਿਰੋਧੀ ਕਿਰਦਾਰ ਦਾ ਪਰਦਾਫਾਸ਼ ਕਰਦੀ ਹੈ:

*ਸਰਮ ਧਰਮ ਕਾ ਡੇਰਾ ਦੂਰਿ॥*
*ਨਾਨਕ ਕੂੜੁ ਰਹਿਆ ਭਰਪੂਰਿ॥ ਅੰਗ - ੪੭੧*

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*ਅੰਗ - ੧੪੫*

ਅੱਜ ਧਰਮ ਖੰਭ ਲਾ ਕੇ ਉੱਡ ਗਿਆ ਜਾਪਦਾ ਹੈ। ਧਾਰਮਿਕ ਆਗੂਆਂ ਨੂੰ ਆਪਣੇ ਫਰਜ਼ਾਂ ਦਾ ਅਹਿਸਾਸ ਨਹੀਂ। ਪੁਜਾਰੀ ਜਮਾਤ ਨੇ ਧਰਮ ਨੂੰ ਧੰਦਾ ਬਣਾ ਧਰਿਆ ਹੈ ਅਤੇ ਰਾਜਨੀਤਕਾਂ ਨੇ ਸੱਤਾ ਹਾਸਲ ਕਰਨ ਦੀ ਪੌੜੀ। ਧਰਮ ਦੀ ਪਛਾਣ ਰੁਲ ਗਈ ਹੈ। ਅੱਜ ਭੇਖ ਨੂੰ ਹੀ ਧਰਮ ਸਮਝਿਆ ਜਾ ਰਿਹਾ ਹੈ। ਅਜਿਹੇ ਹਾਲਾਤਾਂ 'ਚ ਮਹਿਸੂਸ ਹੁੰਦਾ ਹੈ ਕਿ ਅਸੀਂ ਗੁਰੂ ਨਾਨਕ ਦੇ ਪੈਰੋਕਾਰ, ਮਹਿਜ਼ ਤਮਾਸ਼ਬੀਨ ਦਾ ਰੋਲ ਅਦਾ ਕਰ ਰਹੇ ਹਾਂ; ਜਦਕਿ ਗੁਰੂ ਨਾਨਕ ਸਾਹਿਬ ਚੁੱਪ ਨਹੀਂ ਸਨ ਬੈਠੇ। ਉਨ੍ਹਾਂ ਧਰਮ ਦੇ ਨਾਂ 'ਤੇ ਅਧਰਮ ਕਮਾ ਰਹੇ ਅਜਿਹੇ ਪਾਖੰਡੀ ਲੋਕਾਂ ਦੇ ਅਧਰਮੀ ਕਿਰਦਾਰ ਦੀ ਅਸਲ ਤਸਵੀਰ ਨੂੰ ਲੋਕਾਂ ਸਾਹਮਣੇ ਨੰਗਾ ਕਰਕੇ ਰੱਖ ਦਿੱਤਾ ਸੀ:

*ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥*
*ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥*
*ਅੰਗ - ੭੬੭*

*ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ॥*
*ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥*
*ਅੰਗ - ੧੦੧੩*

ਸੋ ਅੱਜ ਲੋੜ ਹੈ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਸੱਚ ਅਤੇ ਇਸ ਦੀ ਕ੍ਰਾਂਤੀਕਾਰੀ ਮਾਨਵੀ ਸੰਵੇਦਨਾ ਨੂੰ ਸਮਝ ਕੇ ਅਮਲੀ ਰੂਪ 'ਚ ਕੁਝ ਚੰਗਾ ਕਰਨ ਦੀ। ਇਹ ਕਾਰਜ ਸੌਖਾ ਨਹੀਂ, ਕੁਰਬਾਨੀ ਦੀ ਮੰਗ ਕਰਦਾ ਹੈ। ਪਰ ਸਵਾਰਥਾਂ, ਤੌਖਲਿਆਂ ਦੇ ਬੰਧਨ, ਔਗੁਣ ਬਣ ਕੇ ਸਾਡੇ ਆੜੇ ਆਣ ਖਲੋਂਦੇ ਹਨ। ਗੁਰੂ-ਬਾਬੇ ਦੀ ਪਾਵਨ ਬਾਣੀ ਇਨ੍ਹਾਂ ਬੰਧਨਾਂ ਨੂੰ ਕੱਟਣ ਲਈ, ਗੁਣਾਂ ਨੂੰ ਸਾਥੀ ਬਣਾਉਣ ਦਾ ਹੋਕਾ ਦਿੰਦੀ ਹੈ:

*ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥*
*ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥*
*ਅੰਗ - ੫੯੫*

*(ਪੰਨਾ 10 ਦੀ ਬਾਕੀ)*

*ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ*
*॥੧॥ਰਹਾਉ॥ ਅੰਗ - ੪੦੬*

ਇਸੇ ਵਿਚਾਰ ਨੂੰ ਅੱਗੇ ਤੋਰਦੇ ਹੋਏ ਆਪ ਸਵਯੇ ਸ੍ਰੀ ਮੁਖਵਾਕ ਮ: ੫ ਵਿਚ ਹੋਰ ਸਪੱਸ਼ਟ ਕਰਦੇ ਹਨ :

*ਬਲਿਓ ਚਰਾਗੁ ਅੰਧਾਰ ਮਹਿ ਸਭ,*
*ਕਲਿ ਉਧਰੀ ਇਕ ਨਾਮ ਧਰਮ॥*
*ਪ੍ਰਗਟੁ ਸਗਲ ਹਰਿ ਭਵਨ ਮਹਿ,*
*ਜਨੁ ਨਾਨਕੁ ਗੁਰੁ ਪਾਰਬ੍ਰਹਮ॥੯॥ ਅੰਗ - ੧੩੮੭*

ਉਪ੍ਰੋਕਤ ਮੁਲਾਂਕਣ (evaluation) ਭੱਟਾਂ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਕੀਤਾ ਗਿਆ ਹੈ। ਆਉ ਵੇਖੀਏ ਗੁਰੂ ਨਾਨਕ ਦੇਵ ਜੀ ਆਪਣੇ ਬਾਰੇ ਕੀ ਫੁਰਮਾਉਂਦੇ ਹਨ :

*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥*
*ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥ ਅੰਗ - ੯੯੧*

ਆਪਣੇ ਆਪ ਨੂੰ ਗੁਰੂ ਮਹਾਰਾਜ ਅਕਾਲ ਪੁਰਖ ਦਾ ਗੁਲਾਮ ਮੰਨਦੇ ਹਨ। ਲਾਲਾ ਦਾ ਅਰਥ ਹੈ ਦਾਸ। ਆਪਣੇ ਮਾਤਾ ਪਿਤਾ ਨੂੰ ਭੀ ਇਸ ਸ਼ਬਦ ਵਿਚ ਪ੍ਰਭੂ ਦੇ ਦਾਸ ਹੀ ਦੱਸਦੇ ਹਨ। ਪਰ ਸ਼ਬਦ ਦੀਆਂ ਅੰਤਲੀਆਂ ਪੰਗਤੀਆਂ ਵਿਚ ਆਪ ਜੀ ਦੀ ਨਿਮਰਤਾ ਵੇਖਣ ਵਾਲੀ ਹੈ :

*ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥*
*ਆਦਿ ਜੁਗਾਦਿ ਦਇਆਪਤਿ ਦਾਤਾ,*
*ਤੁਧੁ ਵਿਣੁ ਮੁਕਤਿ ਨ ਪਾਈ ॥੪॥ ਅੰਗ - ੯੯੧*

ਹੇ ਪ੍ਰਭੂ! ਨਾਨਕ ਤੇਰਾ ਨਾ-ਸ਼ੁਕਰਾ ਗੁਲਾਮ ਹੈ। ਜੇ ਤੁਸੀਂ ਆਪਣੇ ਇਸ ਨਾਸ਼ੁਕਰੇ (ਗੁਲਾਮ) ਦਾਸ ਨੂੰ ਬਖ਼ਸ਼ ਲਵੋ ਤਾਂ ਇਹ ਆਪ ਦੀ ਵਡਿਆਈ ਹੋਵੇਗੀ, ਆਦਿ ਤੋਂ ਅਤੇ ਜੁਗਾਂ ਜੁਗਾਂ ਤੋਂ ਤੁਸੀਂ ਦਇਆਲੂ ਦਾਤੇ ਹੋ, ਤੁਹਾਥੋਂ ਬਿਨਾ ਸੰਸਾਰ ਤੋਂ ਮੁਕਤੀ ਨਹੀਂ ਪਾਈ ਜਾ ਸਕਦੀ। ਇਨ੍ਹਾਂ ਬਚਨਾਂ ਵਿਚ ਕਿਤਨੀ ਨਿਮਰਤਾ ਹੈ । ਆਪ ਦੀ ਬਾਣੀ ਵਿਚ ਅਨੇਕ ਥਾਂਵਾਂ 'ਤੇ ਆਪ ਨੇ ਆਪਣੇ ਆਪ ਨੂੰ ਦਾਸ, ਸ਼ਾਇਰ, ਜਾਂ ਢਾਢੀ (ਉਸਤਤ ਕਰਨ ਵਾਲਾ) ਦਰਸਾਇਆ ਹੈ। ਕਦੀ ਪੈਗੰਬਰ ਹੋਣ ਦਾ ਦਾਵਾ ਨਹੀਂ ਕੀਤਾ। ਨਾ ਆਪਣੇ ਆਪ ਨੂੰ ਰੱਬ ਦਾ ਯਾਰ ਜਾਂ ਰੱਬ ਦਾ ਪੁੱਤਰ ਹੋਣ ਦਾ ਕਦੀ ਦਾਅਵਾ ਕਰ ਕੇ ਲੋਕਾਂ ਨੂੰ ਆਪਣੇ ਪਿੱਛੇ ਲਾਇਆ, ਗੁਰੂ ਜੀ ਦੀ ਸ਼ਖ਼ਸੀਅਤ ਵਿਚ ਅਤਿ ਦੀ ਨਿਮਰਤਾ ਹੈ।

# ਗੁਰੂ ਨਾਨਕੁ ਜਿਨ ਸੁਣਿਆ ਪੇਖਿਆ
## (19 ਨਵੰਬਰ ਪ੍ਰਕਾਸ਼ ਦਿਵਸ ’ਤੇ)

*[ਭਾਈ ਰਮੇਸ਼ ਬੱਗਾ ਚੋਹਲਾ ਜੀ, ਲੁਧਿਆਣਾ]*

ਸਿੱਖ ਧਰਮ ਬਾਕੀ ਧਰਮਾਂ ਨਾਲੋਂ ਛੋਟੀ ਉਮਰ ਦਾ ਹੋਣ ਕਰਕੇ ਆਧੁਨਿਕਤਾ ਦੇ ਵਧੀਕ ਨੇੜੇ ਹੈ। ਇਸ ਧਰਮ ਨੂੰ ਵਿਗਿਆਨਕ ਧਰਮ ਵੀ ਕਿਹਾ ਜਾਂਦਾ ਹੈ। ਇਸ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਵਿਸ਼ੇਸ਼ ਤੌਰ ’ਤੇ ਵਿਗਿਆਨਕ ਵਿਚਾਰਧਾਰਾ ਪ੍ਰਦਾਨ ਕੀਤੀ ਹੈ। ਮਨੁੱਖਤਾ ਦੀ ਕਦਰਦਾਨ ਅਤੇ ਸਰਬੱਤ ਦੇ ਭਲੇ ਦੀ ਹਾਮੀ ਹੋਣ ਕਰਕੇ ਇਸ ਵਿਚਾਰਧਾਰਾ ਦਾ ਬੋਲਬਾਲਾ ਸਿਰਫ ਹਿੰਦੁਸਤਾਨ ਵਿੱਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿੱਚ ਹੀ ਹੈ।

ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ੧੫ ਅਪ੍ਰੈਲ ੧੪੬੯ ਈ: ਨੂੰ ਅਜੋਕੇ ਪਾਕਿਸਤਾਨ ਦੇ ਜ਼ਿਲਾ ਸੇਖੂਪੁਰੇ ਦੇ ਪਿੰਡ ਤਲਵੰਡੀ ਵਿਖੇ ਬਾਬਾ ਕਲਿਆਣ ਦਾਸ ਉਰਫ ਮਹਿਤਾ ਕਾਲੂ (ਪਟਵਾਰੀ) ਅਤੇ ਮਾਤਾ ਤ੍ਰਿਪਤਾ ਦੇ ਗ੍ਰਹਿ ਵਿਖੇ ਅਵਤਾਰ ਧਾਰਿਆ। ਇਹ ਮਾਣਮੱਤਾ ਪਿੰਡ ਜਿਸ ਨੂੰ ਨਨਕਾਣਾ ਸਾਹਿਬ ਵੀ ਕਿਹਾ ਜਾਂਦਾ ਹੈ, ਲਾਹੌਰ ਦੀ ਦੱਖਣ ਪੱਛਮੀ ਬਾਹੀ ਵਿੱਚ ਲਗਪਗ ੪੨ ਮੀਲ ਦੀ ਦੂਰੀ ’ਤੇ ਸਥਿਤ ਹੈ।

ਜਿਸ ਕਾਲ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਅਵਤਾਰ ਧਾਰਿਆ ਉਹ ਕਾਲ ਦੁਨੀਆਂ ਦੇ ਧਾਰਮਿਕ ਇਤਿਹਾਸ ਵਿੱਚ ਬਹੁਤ ਅਹਿਮਤਰੀਨ ਕਾਲ ਹੈ। ਇਹ ਸਮਾਂ ਜਿਥੇ ਕਲਾ, ਸਾਹਿਤ ਅਤੇ ਗਿਆਨ ਦੀ ਮੁੜ ਉਸਾਰੀ ਦਾ ਸਮਾਂ ਸੀ, ਉਥੇ ਖੋਜ ਅਤੇ ਲੱਭਤ ਦਾ ਸਮਾਂ ਵੀ ਸੀ।

ਦੁਨਿਆਵੀ ਸਿੱਖਿਆ ਹਾਸਲ ਕਰਨ ਲਈ ਗੁਰੂ ਨਾਨਕ ਸਾਹਿਬ ਜੀ ਨੂੰ ੭ ਸਾਲ ਦੀ ਉਮਰ ਵਿੱਚ ਗੋਪਾਲ ਪੰਡਿਤ ਪਾਸੋਂ ਹਿੰਦੀ ਅਤੇ ਬਿਰਜ ਲਾਲ ਪਾਸੋਂ ਸੰਸਕ੍ਰਿਤ ਪੜ੍ਹਨ ਹਿੱਤ ਭੇਜਿਆ ਗਿਆ। ਇਥੇ ਹੀ ਬੱਸ ਨਹੀਂ ੧੩ ਸਾਲ ਦੀ ਉਮਰ ਵਿੱਚ ਗੁਰੂ ਜੀ ਨੂੰ ਫ਼ਾਰਸੀ ਤਾਲੀਮ ਸਿੱਖਣ ਦੇ ਮਨੋਰਥ ਹਿੱਤ ਮੌਲਵੀ ਕੁਤਬਦੀਨ ਪਾਸ ਵੀ ਭੇਜਿਆ ਗਿਆ। ਆਪ ਜੀ ਨੇ ਜਿੱਥੇ ਉਪਰੋਕਤ ਉਸਤਾਦਾਂ ਪਾਸੋਂ ਸੰਸਾਰੀ ਸਿੱਖਿਆ ਗ੍ਰਹਿਣ ਕੀਤੀ, ਉਥੇ ਉਹਨਾਂ (ਉਸਤਾਦਾਂ) ਨੂੰ ਸੱਚੀ ਸਿੱਖਿਆ (ਰੱਬੀ ਗਿਆਨ) ਦਾ ਪਾਠ ਵੀ ਪੜ੍ਹਾਇਆ। ਆਪਣੇ ਹਾਣੀਆਂ ਨੂੰ ਵੀ ਗੁਰੂ ਜੀ ਨੇ ਸੱਚ/ਪ੍ਰਮਾਤਮਾ ਦੀ ਸਿੱਖਿਆ ਨਾਲ ਜੋੜਿਆ। ਰਾਇ ਬੁਲਾਰ ਭੱਟੀ ਗੁਰੂ ਸਾਹਿਬ ਦੇ ਜੀਵਨ ਤੋਂ ਏਨਾ ਪ੍ਰਭਾਵਿਤ ਹੋਇਆ ਹੈ ਕਿ ਉਸਨੂੰ ਸਭ ਤੋਂ ਪਹਿਲਾਂ ਸਿੱਖ ਹੋਣ ਦਾ ਸ਼ਰਫ ਹਾਸਿਲ ਹੈ।

ਜਦੋਂ ਗੁਰੂ ਨਾਨਕ ਸਾਹਿਬ ਜੀ ੧੦-੧੧ ਸਾਲ ਦੇ ਹੋਏ ਤਾਂ ਉਹਨਾਂ ਦਾ ਨਿਖੇੜਾ ਜਾਤਹੀਣ ਸ਼ੂਦਰਾਂ ਤੋਂ ਕਰਨ ਲਈ ਪੁਰੋਹਿਤ ਨੇ ਜਨੇਊ ਪਹਿਨਾਉਣ ਦੇ ਬਹੁਤ ਯਤਨ ਕੀਤੇ। ਇਹ ਰਸਮੀ ਯਤਨ ਬ੍ਰਾਹਮਣ ਨੂੰ ਗੁਰੂ ਧਾਰਨ ਵੱਲ ਸੇਧਤ ਸਨ। ਪਰ ਆਪ ਤਾਂ ਜਗਤ ਜਲੰਦੇ ਨੂੰ ਤਾਰਨ ਹਿੱਤ ਧੁਰੋਂ ਪਠਾਏ ਹੋਏ ਗੁਰੂ ਸਨ। ਇਸ ਲਈ ਉਹਨਾਂ ਨੇ ਬ੍ਰਾਹਮਣ ਨੂੰ ਗੁਰੂ (ਜਨੇਊ) ਧਾਰਨ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ’ਤੇ ਗੁਰੂ ਜੀ ਵਲੋਂ ਇਹ ਸ਼ਬਦ ਉਚਾਰਿਆ ਗਿਆ:

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ॥ ਅੰਗ - ੪੭੧***

ਪਿੰਡ ਤਲਵੰਡੀ ਦੇ ਵਸਨੀਕ ਭਾਈ ਮਰਦਾਨਾ ਜੀ, ਜੋ ਮੁਸਲਮਾਨ ਮਿਰਾਸੀ ਸਨ, ਗੁਰੂ ਸਾਹਿਬ ਦੇ ਬਹੁਤ ਪਿਆਰੇ ਮਿੱਤਰ ਸਨ। ਬਤੌਰ ਰਬਾਬੀ ਉਹ ਗੁਰੂ ਨਾਨਕ ਸਾਹਿਬ ਜੀ ਨਾਲ ੬ ਦਹਾਕਿਆਂ ਤੱਕ ਰਹੇ ਹਨ।

੧੮ ਸਾਲ ਦੀ ਉਮਰ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਆਨੰਦ ਕਾਰਜ ਬਟਾਲੇ ਸ਼ਹਿਰ ਦੇ ਬਸ਼ਿੰਦੇ ਸ੍ਰੀ ਮੂਲ ਚੰਦ ਦੀ ਧੀ, ਸੁਲੱਖਣੀ ਨਾਲ ਹੋਇਆ। ਇਸ ਪਵਿੱਤਰ

ਬੰਧਨ ਦੇ ਮੌਕੇ ਕੁਝ ਸ਼ਰਾਰਤੀ ਪੁਰੋਹਿਤਾਂ ਨੇ ਗੁਰੂ ਜੀ ਉੱਪਰ ਕੱਚੀ ਕੰਧ ਡੇਗਣ ਦੀ ਵਿਉਂਤਬੰਦੀ ਕੀਤੀ ਪਰ ਦਿਲਾਂ ਦੀਆਂ ਬੁੱਝਣ ਵਾਲੇ ਨਾਨਕ ਨੇ ਉਹਨਾਂ ਦੀ ਵਿਉਂਤ ਹਮੇਸ਼ਾਂ ਲਈ ਫੇਲ੍ਹ ਕਰ ਦਿੱਤੀ। ਇਹ ਕੰਧ ਅਜੇ ਵੀ ਬਟਾਲੇ ਵਿੱਚ ਯਾਦਗਾਰ ਦੇ ਤੌਰ'ਤੇ ਕਾਇਮ ਹੈ। ਆਪ ਜੀ ਦੇ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਅਤੇ ਲਖਮੀ ਜੀ ਦਾਸ ਪੈਦਾ ਹੋਏ।

੩੫ ਸਾਲ ਦੀ ਉਮਰ ਵਿੱਚ ਗੁਰੂ ਨਾਨਕ ਸਾਹਿਬ ਆਪਣੀ ਭੈਣ ਨਾਨਕੀ ਦੇ ਗ੍ਰਹਿ ਸੁਲਤਾਨਪੁਰ ਵਿਖੇ ਪੁਹੰਚ ਗਏ। ਇਥੇ ਆਪ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਬਣ ਗਏ। ਜਿੱਥੇ ਆਪ ਨੇ ਰਿਸ਼ਵਤ ਖੋਰੀ ਬੰਦ ਕਰਵਾਈ ਅਤੇ ਗਰੀਬਾਂ ਅਮੀਰਾਂ ਨੂੰ ਇਕੋ ਜਿਹਾ ਇਨਸਾਫ ਦਿੱਤਾ। ਕਾਰੋਬਾਰ ਤੋਂ ਵਿਹਲੇ ਹੋ ਕੇ ਗੁਰੂ ਜੀ ਇਸ ਨਗਰ ਵਿੱਚ ਸਤਿਸੰਗ ਵੀ ਕਰਿਆ ਕਰਦੇ ਸਨ। ਇਸ ਸਤਿਸੰਗ ਦੀ ਬਦੌਲਤ ਸਿੱਖੀ ਧਾਰਕਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ। ਇਥੇ ਹੀ ਮਲਸੀਹਾਂ ਦੇ ਵਸਨੀਕ ਭਗੀਰਥ ਅਤੇ ਮਨਸੁੱਖ ਆਪ ਜੀ ਦੇ ਸਿੱਖ ਬਣੇ। ੧੫੦੭ ਈ: ਵਿੱਚ ਗੁਰੂ ਨਾਨਕ ਸਾਹਿਬ ਜੀ ਵਲੋਂ ਜਗਤ ਜਲੰਦੇ ਦੇ ਸੁਧਾਰ ਹਿੱਤ ਇਕਾਂਤਵਾਸ ਕੀਤਾ ਗਿਆ। ਇਸ ਇਕਾਂਤਵਾਸ ਤੋਂ ਬਾਦ ਉਹਨਾਂ ਨੇ ਭਟਕੀ ਹੋਈ ਲੋਕਾਈ ਨੂੰ ਇੱਕ ਨਵੀਨ ਨਾਅਰਾ **'ਨਾ ਕੋ ਹਿੰਦੂ ਨਾ ਮੁਸਲਮਾਨ'** ਦਿੱਤਾ। ਮਨੁੱਖਤਾ ਨੂੰ ਪਰਨਾਏ ਇਸ ਨਾਅਰੇ ਦੀ ਖੂਬ ਚਰਚਾ ਹੋਈ ਪਰ ਇਹ ਚਰਚਾ ਉਸ ਵਕਤ ਦੇ ਨਵਾਬ ਅਤੇ ਕਾਜ਼ੀ ਨੂੰ ਹਜ਼ਮ ਨਾ ਹੋ ਸਕੀ। ਉਹਨਾਂ ਨੇ ਗੁਰੂ ਸਾਹਿਬ ਦੀ ਇਨਕਲਾਬੀ ਸੋਚ ਦਾ ਵਿਰੋਧ ਕੀਤਾ ਪਰ ਜਿੱਤ ਆਖਰ ਸੱਚ ਦੀ ਹੀ ਹੋਈ। ਆਪਣੀ ਇਸ ਸੋਚ ਨੂੰ ਦੁਨੀਆਂ ਦੇ ਵੱਖ-ਵੱਖ ਖੇਤਰਾਂ ਤੱਕ ਪਹੁੰਚਾਉਣ ਹਿੱਤ ਗੁਰੂ ਜੀ ਵਲੋਂ ਕਈ ਪ੍ਰਚਾਰ ਦੌਰੇ ਵੀ ਕੀਤੇ ਗਏ, ਜਿਹਨਾਂ ਨੂੰ ਸਿੱਖ ਇਤਿਹਾਸ ਵਿੱਚ ਉਦਾਸੀਆਂ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੀਆਂ ਇਹਨਾਂ ਉਦਾਸੀਆਂ ਦਾ ਵਰਨਣ ਇਸ ਪ੍ਰਕਾਰ ਹੈ:

ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਭਾਰਤ ਵਿੱਚ ਵੈਦਿਕ ਧਰਮ ਦੀ ਚੜ੍ਹਤ ਸੀ, ਜਿਸ ਦੀ ਬੁਨਿਆਦ ਵਰਣ ਆਸ਼ਰਮ ਧਰਮ'ਤੇ ਆਧਾਰਿਤ ਸੀ। ਜਦੋਂ ਗੁਰੂ ਜੀ ਨੇ ਅਵਤਾਰ ਧਾਰਿਆ ਤਾਂ ਉਸ ਸਮੇਂ ਭਾਰਤੀ ਸਮਾਜ ਬਹੁਤ ਹੀ ਗੁੰਝਲਦਾਰ ਜਾਤੀਆਂ ਅਤੇ ਧਾਰਮਿਕ ਫਿਰਕਿਆਂ ਵਿੱਚ ਵੰਡਿਆ ਹੋਇਆ ਸੀ। ਮਨੁੱਖ ਦੀ ਪਛਾਣ ਕਰਮ ਆਧਾਰਿਤ ਨਾ ਹੋ ਕੇ ਸਗੋਂ ਜਨਮ ਆਧਾਰਿਤ ਸੀ। ਲੋਕਾਂ ਵਿਚੋਂ ਆਪਸੀ ਭਾਈਚਾਰੇ ਅਤੇ ਇਕਸੁਰਤਾ ਦੀ ਭਾਵਨਾ ਪੂਰੀ ਤਰ੍ਹਾਂ ਅਲੋਪ ਹੋ ਚੁੱਕੀ ਸੀ।

ਅਜਿਹੀ ਤਰਸਯੋਗ ਸੁਰਤ-ਏ-ਹਾਲ ਵਿੱਚ ਸਿਫ਼ਤੀ ਅਤੇ ਇਨਕਲਾਬੀ ਤਬਦੀਲੀ ਲਿਆਉਣ ਲਈ ਗੁਰੂ ਨਾਨਕ ਸਾਹਿਬ ਜੀ ਨੇ ਸਤੰਬਰ ੧੫੦੭ ਈ: ਨੂੰ ਭਾਈ ਮਰਦਾਨੇ ਨੂੰ ਨਾਲ ਲੈ ਕੇ ਦੁਨੀਆਂ ਦੀਆਂ ਵੱਖ-ਵੱਖ ਦਿਸ਼ਾਵਾਂ ਵਿੱਚ ਪ੍ਰਚਾਰ ਦੌਰੇ ਅਰੰਭ ਕੀਤੇ ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਉਹ ਭਾਰਤ ਦੀਆਂ ਸਾਰੀਆਂ ਕੂੰਟਾਂ ਵਿੱਚ ਜਾਣ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਵੀ ਗਏ। ਇਸ ਦੇਸ਼ਾਂ ਰਟਨ ਵਿੱਚ ਗੁਰੂ ਸਾਹਿਬ ਦਾ ਲਗਪਗ ੨੫ ਕੁ ਸਾਲ ਦਾ ਸਮਾਂ ਲੇਖੇ ਲੱਗਾ। ਇਨ੍ਹਾਂ ਉਦਾਸੀਆਂ ਸਮੇਂ ਉਹ ਬਹੁਤ ਸਾਰੇ ਵਿਅਕਤੀਆਂ ਨੂੰ ਮਿਲੇ। ਉਹਨਾਂ ਦਾ ਪੜਾਅ ਕਦੇ ਗਰੀਬ ਘਰਾਂ ਅਤੇ ਕਦੇ ਨੀਲੀ ਛੱਤ ਹੇਠ ਹੀ ਹੁੰਦਾ ਰਿਹਾ। ਇਹਨਾਂ ਉਦਾਸੀਆਂ ਵਿੱਚ ਉਹਨਾਂ ਦਾ ਮਿਲਾਪ ਛੋਟੇ ਅਤੇ ਅਣਗੋਲੇ ਲੋਕਾਂ ਦੇ ਨਾਲ-ਨਾਲ ਕਈ ਬਾਦਸ਼ਾਹਾਂ ਨਾਲ ਵੀ ਹੋਇਆ।

**ਪਹਿਲੀ ਉਦਾਸੀ**:- ਗੁਰੂ ਸਾਹਿਬ ਦੀ ਪਹਿਲੀ ਉਦਾਸੀ ਦਾ ਸਮਾਂ ਲਗਪਗ ੮ ਸਾਲ ਹੈ। ਇਸ ਉਦਾਸੀ ਦੌਰਾਨ ਉਹ ਸਭ ਤੋਂ ਪਹਿਲਾਂ ਐਮਨਾਬਾਦ ਗਏ ਜੋ ਤਲਵੰਡੀ ਤੋਂ ਲਗਪਗ ੬੦ ਕਿ: ਮੀ:'ਤੇ ਸਥਿਤ ਹੈ। ਇਥੇ ਆਪ ਧਰਮ ਦੀ ਕਿਰਤ ਕਰਨ ਵਾਲੇ ਇੱਕ ਅਤਿ ਗਰੀਬੜੇ ਮਨੁੱਖ ਭਾਈ ਲਾਲੋ ਦੇ ਘਰ ਠਹਿਰੇ। ਭਾਈ ਸਾਹਿਬ ਲੱਕੜੀ ਦਾ ਕੰਮ ਕਰਦੇ ਸਨ। ਬ੍ਰਾਹਮਣਾਂ ਨੇ ਇਸ ਗੱਲ ਦਾ ਬੁਰਾ ਮਨਾਇਆ ਕਿ ਗੁਰੂ ਜੀ ਨੀਵੀਂ ਜਾਤੀ ਦੇ ਵਿਅਕਤੀ ਦੇ ਘਰ ਕਿਉਂ ਠਹਿਰੇ ਹਨ। ਪਰ ਆਪ ਨੇ ਇਸ ਵਿਰੋਧ ਦਾ ਕੋਈ ਅਸਰ ਨਾ ਕਬੂਲਿਆ। ਕਿਉਂਕਿ ਉਹਨਾਂ ਦਾ ਮਿਸ਼ਨ ਵੀ ਵਰਣਵਾਦੀ ਸਿਸਟਮ ਨੂੰ ਤੋੜਨਾ ਸੀ। ਇਸ ਮਿਸ਼ਨ ਦੀ ਹੀ ਪੁਸ਼ਟੀ ਕਰਦਾ ਹੈ ਉਹਨਾਂ ਦਾ ਇਹ ਫੁਰਮਾਨ:

***ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥***
***ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਅੰਗ - ੧੫***

ਹਰਿਦੁਆਰ ਵਿਖੇ ਵਿਸਾਖੀ ਦਾ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਮੇਲਾ ਵੇਖਣ ਵਾਲੇ ਮੇਲੀ ਅਤੇ ਸ਼ਰਧਾਲੂ ਗੰਗਾ ਨਦੀ ਵਿੱਚ ਇਸ਼ਨਾਨ ਕਰਦੇ ਸਨ। ਸਿਰਫ਼ ਇਸ਼ਨਾਨ ਹੀ ਨਹੀਂ ਸਗੋਂ ਆਪਣੇ ਪਿੱਤਰਾਂ ਨੂੰ ਸੂਰਜ ਸਾਹਿਬਤਾ ਰਾਹੀਂ ਪਾਣੀ ਵੀ ਪਹੁੰਚਾਉਂਦੇ ਸਨ। ਗੁਰੂ ਜੀ ਨੇ ਜਿੱਥੇ ਬੜੇ ਨਾਟਕੀ ਢੰਗ ਨਾਲ ਅਜਿਹੇ ਵਿਚਾਰਾਂ ਨੂੰ ਤਿਲਾਂਜਲੀ ਦੇਣ ਦਾ ਉਪਦੇਸ਼ ਦਿੱਤਾ, ਉਥੇ ਵੈਸ਼ਨਵ ਸਾਧੂਆਂ ਨੂੰ ਮਨੁੱਖੀ ਬਰਾਬਰਤਾ ਦਾ ਸਬਕ ਵੀ ਦਿੱਤਾ। ਗੁਰੂ ਜੀ ਨੇ ਉਹਨਾਂ ਨੂੰ ਬੜਾ ਸਮਝਾਇਆ ਕਿ ਰੱਬ ਦਾ ਕੋਈ ਵੀ ਬੰਦਾ

ਮਾੜਾ ਜਾਂ ਨੀਚ ਨਹੀਂ ਹੈ।

ਗੋਰਖ ਮਤੇ ਗੋਰਖ ਨਾਥ ਅਤੇ ਉਸਦੇ ਚੇਲਿਆਂ ਦਾ ਗੜ੍ਹ ਸੀ। ਇਹ ਸਥਾਨ ਪੀਲੀਭੀਤ ਤੋਂ ਲਗਪਗ ੨੦ ਕੁ ਕਿਲੋਮੀਟਰ ਦੀ ਵਿੱਥ'ਤੇ ਸਥਿਤ ਹੈ। ਇਥੇ ਗੁਰੂ ਜੀ ਨੇ ਜੋਗੀਆਂ ਨੂੰ ਸਮਝਾਇਆ ਕਿ ਪ੍ਰਮਾਤਮਾ ਬਾਹਰੀ ਭੇਖ'ਤੇ ਨਹੀਂ ਰੀਝਦਾ ਸਗੋਂ ਉਸ ਦੀ ਪ੍ਰਾਪਤੀ ਦੀ ਜੁਗਤ ਵਿਕਾਰ ਰਹਿਤ ਜੀਵਨ ਬਸਰ ਕਰਦਿਆਂ ਉਸ ਦੀ ਸਿਫਤ ਸਲਾਹ ਕਰਨਾ ਹੈ। ਗੁਰੂ ਜੀ ਦੀ ਆਮਦ ਸਦਕਾ ਇਸ ਸਥਾਨ ਦਾ ਨਾਂ ਗੋਰਖ ਮਤੇ ਤੋਂ ਤਬਦੀਲ ਹੋ ਕੇ ਨਾਨਕ ਮਤਾ ਪੈ ਗਿਆ।

ਨਾਨਕ ਮਤੇ ਤੋਂ ਪ੍ਰਚਾਰ ਕਰਦੇ ਹੋਏ ਗੁਰੂ ਨਾਨਕ ਸਾਹਿਬ ਜੀ ਦੀਵਾਲੀ ਵਾਲੇ ਦਿਨ ਅਯੁੱਧਿਆ ਪਹੁੰਚੇ। ਇਥੇ ਆਪ ਜੀ ਦੀ ਭੇਟ ਭਾਈ ਰਾਮਾਨੰਦ ਜੀ ਦੇ ਚੇਲਿਆਂ ਨਾਲ ਹੋਈ। ਇਹਨਾਂ ਬੈਰਾਗੀਆਂ ਨੂੰ ਮੁਕਤੀ ਮਾਰਗ ਬਾਰੇ ਦਸਦਿਆ ਗੁਰੂ ਜੀ ਨੇ ਫੁਰਮਾਇਆ ਕਿ ਮੂਰਤੀ ਪੂਜਾ ਨੂੰ ਤਿਆਗ ਕੇ ਇੱਕ ਅਕਾਲ ਪੁਰਖ ਦੀ ਪੂਜਾ ਵਿੱਚ ਲੱਗ ਜਾਉ।

ਇਲਾਹਬਾਦ ਦਾ ਪੁਰਾਣਾ ਨਾਂ ਪ੍ਰਯਾਗ ਸੀ। ਗੰਗਾ ਜਮਨਾ ਦੇ ਸੰਗਮ ਵਾਲਾ ਇਹ ਹਿੰਦੂਆਂ ਦਾ ਤੀਰਥ ਸਥਾਨ ਹੈ। ਇਹਨਾਂ ਨਦੀਆਂ ਵਿੱਚ ਇਸ਼ਨਾਨ ਕਰਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਇਸ ਮਹੱਤਵ ਨੂੰ ਘਟਾਉਂਦਿਆਂ ਗੁਰੂ ਜੀ ਨੇ ਕਿਹਾ ਕਿ ਤੀਰਥ ਇਸ਼ਨਾਨ ਦਾ ਪ੍ਰਭੂ ਦੀ ਭਗਤੀ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਹੈ। ਕਿਉਂਕਿ ਇਸ਼ਨਾਨ ਸਿਰਫ ਤਨ ਦੀ ਮੈਲ ਉਤਾਰਦਾ ਹੈ, ਮਨ ਦੀ ਨਹੀਂ। ਸੱਚਾ ਤੀਰਥ ਤਾਂ ਗੁਰੂ ਆਪ ਹੈ ਜਿਸ ਦੀ ਸਿੱਖਿਆ ਰੂਪੀ ਨਦੀ ਵਿੱਚ ਨਹਾ ਕੇ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਬਨਾਰਸ ਸੰਸਕ੍ਰਿਤ ਵਿਦਿਆ ਅਤੇ ਹਿੰਦੂ ਧਰਮ ਦਾ ਕੇਂਦਰ ਹੈ। ਇਥੋਂ ਦੇ ਪੰਡਿਤਾਂ ਨੇ ਇਹ ਗੱਲ ਪ੍ਰਚਾਰੀ ਹੋਈ ਸੀ ਕਿ ਜੇਕਰ ਕੋਈ ਮਨੁੱਖ ਪੰਡਿਤਾਂ ਨੂੰ ਦਾਨ-ਪੁੰਨ ਕਰਨ ਮਗਰੋਂ ਆਰੇ ਨਾਲ ਸਰੀਰ ਚਿਰਾਵੇਗਾ ਤਾਂ ਉਹ ਸਿੱਧਾ ਸ਼ਿਵਪੁਰੀ ਨੂੰ ਜਾਏਗਾ ਪਰ ਗੁਰੂ ਜੀ ਨੇ ਬਨਾਰਸ ਵਾਸੀਆਂ ਨੂੰ ਪੰਡਿਤਾਂ ਦੀਆਂ ਚਾਲਾਂ ਤੋਂ ਸੁਚੇਤ ਕਰਦਿਆਂ ਕਿਹਾ ਕਿ ਮੁਕਤੀ ਕਿਸੇ ਵਿਸ਼ੇਸ਼ ਥਾਂ ਤੇ ਮਰਨ ਨਾਲ ਨਹੀਂ ਸਗੋਂ ਚੰਗੇ ਕਰਮਾਂ ਨਾਲ ਮਿਲਦੀ ਹੈ।

ਇਥੇ ਆਪ ਨੇ ਪੰਡਿਤ ਚਤੁਰਦਾਸ ਨੂੰ ਸਮਝਾਇਆ ਕਿ ਤਿਲਕ, ਤੁਲਸੀ, ਮਾਲਾ ਸਾਲਗ੍ਰਾਮ ਅਤੇ ਧਾਰਮਿਕ ਪਹਿਰਾਵਾ ਬ੍ਰਾਹਮਣ ਹੋਣ ਦੀ ਬਾਹਰਮੁਖੀ ਨਿਸ਼ਾਨੀ ਹਨ ਪਰ ਅਸਲੀ ਬ੍ਰਾਹਮਣ ਫੋਕਟ ਕਰਮਕਾਡਾਂ ਵਿੱਚ ਸਮਾਂ ਨਸਟ ਕਰਨ ਦੀ ਬਜਾਏ ਉਸ ਪ੍ਰਭੂ ਦੀ ਸਿਫਤ ਸਲਾਹ ਵਿੱਚ ਬਤੀਤ ਕਰਦਾ ਹੈ। ਬਨਾਰਸ ਵਿਚੋਂ ਗੁਰੂ ਨਾਨਕ ਸਾਹਿਬ ਜੀ ਨੇ ਭਗਤ ਕਬੀਰ, ਭਗਤ ਰਵੀਦਾਸ ਅਤੇ ਰਾਮਾਨੰਦ ਜੀ ਦੀ ਬਾਣੀ ਪ੍ਰਾਪਤ ਕੀਤੀ।

ਗਯਾ ਬਿਹਾਰ ਪ੍ਰਾਂਤ ਵਿੱਚ ਫਲਗੂ ਨਦੀ ਦੇ ਕੰਢੇ ਤੇ ਸਥਿਤ ਹੈ। ਬ੍ਰਾਹਮਣਾਂ ਦੇ ਸਿਖਾਏ ਲੋਕ ਇਥੇ ਆਪਣੇ ਪਿਤਰਾਂ ਦੀ ਗਤੀ ਲਈ ਦਾਨ-ਪੁੰਨ ਕਰਨ ਵਾਸਤੇ ਆਉਂਦੇ ਸਨ। ਅਜਿਹੇ ਲੋਕਾਂ ਨੂੰ ਸਿੱਖਿਆ ਦਿੰਦਿਆਂ ਗੁਰੂ ਜੀ ਨੇ ਕਿਹਾ ਕਿ ਮੌਤ ਪਿਛੋਂ ਕੀਤੀਆਂ ਜਾਣ ਵਾਲੀਆਂ ਰਸਮਾਂ ਦਾ ਵਿਛੜੀ ਹੋਈ ਆਤਮਾ ਨੂੰ ਕੋਈ ਲਾਭ ਨਹੀਂ ਪਹੁੰਚਦਾ।

ਬਿਹਾਰ ਪ੍ਰਾਂਤ ਤੋਂ ਬਾਅਦ ਗੁਰੂ ਨਾਨਕ ਸਾਹਿਬ ਜੀ ਆਸਾਮ ਵਿੱਚ ਦਾਖਲ ਹੋਏ। ਉਸ ਵਕਤ ਇਸ ਪ੍ਰਾਂਤ ਨੂੰ ਕਾਮਰੂਪ ਕਿਹਾ ਜਾਂਦਾ ਸੀ, ਇਸ ਪ੍ਰਾਂਤ ਦੇ ਪ੍ਰਸਿੱਧ ਸ਼ਹਿਰ ਗੋਹਾਟੀ ਵਿੱਚ **ਕਾਮਖਯਾ ਸਾਹਿਬੀ** ਦਾ ਮੰਦਰ ਹੈ। ਇਹ ਮੰਦਰ ਵਾਮ ਮਾਰਗੀਆਂ ਦਾ ਹੈ। ਇਹ ਲੋਕ ਧਰਮ ਤੇ ਆਚਰਣ ਤੋਂ ਗਿਰੇ ਕੰਮਾਂ ਨੂੰ ਧਰਮ ਦਾ ਜ਼ਰੂਰੀ ਅੰਗ ਸਮਝਦੇ ਸਨ। ਗੁਰੂ ਜੀ ਨੇ ਇਹਨਾਂ ਲੋਕਾਂ ਨੂੰ ਨਸ਼ਿਆਂ ਤੇ ਆਚਰਣ ਹੀਣ ਕੰਮਾਂ ਤੋਂ ਪ੍ਰਹੇਜ਼ ਕਰਨ ਲਈ ਕਿਹਾ ਅਤੇ ਸਮਝਾਇਆ ਕਿ ਕੁਕਰਮਾਂ ਨੂੰ ਧਰਮ ਦੀ ਆੜ ਵਿੱਚ ਸੁਕਰਮ ਨਹੀਂ ਬਣਾਇਆ ਜਾ ਸਕਦਾ।

ਢਾਕੇ ਵਿਚੋਂ ਹੀ ਗੁਰੂ ਜੀ ਨੇ ਭਗਤ ਜੈ ਸਾਹਿਬ ਜੀ ਦੇ ਦੋ ਸ਼ਬਦ ਪ੍ਰਾਪਤ ਕੀਤੇ।

ਜਗਨ ਨਾਥ ਪੁਰੀ ਦੇ ਮੰਦਰ, ਜੋ ਕਿ ਉੜੀਸਾ ਵਿਖੇ ਸਥਿਤ ਹੈ, ਵਿੱਚ ਪਹੁੰਚ ਕੇ ਗੁਰੂ ਜੀ ਨੇ ਲੋਕਾਂ ਨੂੰ ਦੱਸਿਆ ਕਿ ਕੋਈ ਵੀ ਸਾਹਿਬੀ ਸਾਹਿਬਤਾ ਜਗਨਨਾਥ ਨਹੀਂ ਹੋ ਸਕਦਾ ਸਗੋਂ ਜਗਤ ਦਾ ਨਾਥ ਤਾਂ ਵਾਹਿਗੁਰੂ ਆਪ ਹੈ।

ਜਦੋਂ ਗੁਰੂ ਜੀ ਨੂੰ ਜਗਨਨਾਥ ਦੀ ਮੂਰਤੀ ਦੀ ਆਰਤੀ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਤਾਂ ਉਹਨਾਂ ਨੂੰ ਇਹ ਕਹਿ ਕੇ ਆਰਤੀ ਵਿੱਚ ਸ਼ਮੂਲੀਅਤ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੇ ਜਗਨਨਾਥ ਦੀ ਆਰਤੀ ਤਾਂ ਉਸ ਦੀ ਬਣਾਈ ਕੁਦਰਤ ਆਪ ਹੀ ਉਤਾਰ ਰਹੀ ਹੈ। ਉਹਨਾਂ ਨੇ ਕਿਹਾ ਕਿ ਪ੍ਰਮਾਤਮਾ ਦਿਖਾਵੇ ਦੀ ਆਰਤੀ ਨਾਲ ਖੁਸ਼ ਨਹੀਂ ਹੁੰਦਾ, ਸਗੋਂ ਉਸ ਦੀ ਸੱਚੀ ਆਰਤੀ ਤਾਂ ਉਸ ਦੇ ਭਾਣੇ ਵਿੱਚ ਰਹਿ ਕੇ ਸਰਬੱਤ ਦਾ ਭਲਾ ਲੋਚਣਾ ਹੈ। ਇੱਥੇ ਹੀ ਆਪ ਨੇ ਕਲਯੁੱਗ ਨਾਂ ਦੇ ਪਾਂਧੇ ਦਾ ਪਰਦਾਫਾਸ਼ ਕੀਤਾ

ਜੋ ਮਾਇਆ ਦੇ ਲਾਲਚ ਵਿੱਚ ਭੋਲੀ ਜਨਤਾ ਨੂੰ ਗੁੰਮਰਾਹ ਕਰ ਰਿਹਾ ਸੀ। ਪੁਰੀ ਤੋਂ ਬਾਅਦ ਗੁਰੂ ਜੀ ਭੀਲਾਂ ਦੇ ਇਲਾਕੇ ਵਿੱਚ ਆ ਗਏ ਜਿਸਨੂੰ ਦ੍ਰਾਵਿੜ ਵੀ ਕਿਹਾ ਜਾਂਦਾ ਹੈ। ਇਥੇ ਆਉਣ ਦਾ ਸਬੱਬ ਭਾਈ ਮਰਦਾਨਾ ਸੀ। ਕੌਡਾ ਰਾਖਸ਼ ਭਾਈ ਜੀ ਨੂੰ ਮਾਰਨ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਗੁਰੂ ਜੀ ਵੀ ਉਥੇ ਪਹੁੰਚ ਗਏ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਅਤੇ ਦਰਸ਼ਨ-ਦੀਦਾਰ ਕਰਕੇ ਕੌਡਾ ਨਿਹਾਲ ਹੋ ਗਿਆ ਤਾਂ ਉਸ ਨੇ ਭਾਈ ਮਰਦਾਨੇ ਨੂੰ ਛੱਡ ਦਿੱਤਾ। ਇਸ ਦੇ ਨਾਲ ਹੀ ਉਸ ਨੇ ਗੁਰੂ ਜੀ ਨੂੰ ਅੱਗੇ ਤੋਂ ਹਮੇਸ਼ਾਂ ਲਈ ਸੱਚੇ ਮਾਰਗ ਉੱਤੇ ਚੱਲਣ ਦਾ ਵਿਸ਼ਵਾਸ਼ ਵੀ ਦਿਵਾਇਆ।

ਇਸ ਉਦਾਸੀ ਦੇ ਸਫ਼ਰ ਦੌਰਾਨ ਗੁਰੂ ਜੀ ਸਿੰਗਲਾਦੀਪ (ਸ੍ਰੀ ਲੰਕਾ) ਪਹੁੰਚੇ। ਇਥੋਂ ਦਾ ਰਾਜਾ ਸ਼ਿਵਨਾਭ ਜੋ ਕਿ ਗੁਰੂ ਨਾਨਕ ਸਾਹਿਬ ਜੀ ਦਾ ਅਨਿਨ ਸ਼ਰਧਾਲੂ ਸੀ, ਨੂੰ ਗੁਰੂ ਜੀ ਦੇ ਦਰਸ਼ਨਾਂ ਦੀ ਤੀਬਰ ਤਾਂਘ ਸੀ। ਗੁਰੂ ਜੀ ਨੇ ਉਸ ਨੂੰ ਦਰਸ਼ਨ ਦੇ ਕੇ ਉਸ ਦੀ ਤਾਂਘ ਪੂਰੀ ਕੀਤੀ। ਇਸ ਉਦਾਸੀ ਦੌਰਾਨ ਹੀ ਗੁਰੂ ਨਾਨਕ ਸਾਹਿਬ ਜੀ ਦਿੱਲੀ ਵਿਖੇ ਜਮਨਾ ਨਦੀ ਦੇ ਕਿਨਾਰੇ ਮਜਨੂੰ ਭਗਤ ਨੂੰ ਮਿਲੇ, ਉਹਨਾਂ ਦੇ ਮਿਲਾਪ ਦੀ ਸ਼ਾਹਦੀ ਭਰਦਾ ਹੈ, ਗੁਰਦੁਆਰਾ ਮਜਨੂੰ ਟਿੱਲਾ।

ਗੁਰੂ ਜੀ ਦੀ ਇਸ (ਪਹਿਲੀ) ਉਦਾਸੀ ਦਾ ਅੰਤਮ ਪੜਾਅ ਕੁਰੂਕਸ਼ੇਤਰ ਸੀ। ਇਥੇ ਆਪ ਨੇ ਸੂਰਜ ਗ੍ਰਹਿਣ ਸਮੇਂ ਭੋਜਨ ਦੇ ਛਕਣ ਦੇ ਵਿਚਾਰਾਂ ਦਾ ਖੰਡਣ ਕੀਤਾ ਜੋ ਬ੍ਰਾਹਮਣਾਂ ਦੁਆਰਾ ਨਿੱਜੀ ਸੁਆਰਥ ਹਿੱਤ ਫੈਲਾਏ ਗਏ ਸਨ।

**ਦੂਜੀ ਉਦਾਸੀ**:- ਪਹਿਲੀ ਉਦਾਸੀ ਦੀ ਤਰਜ਼'ਤੇ ਇਸ ਉਦਾਸੀ ਦਾ ਮੁਹਾਣ ਵੀ ਹਿੰਦੂ ਤੀਰਥ ਅਸਥਾਨਾਂ ਅਤੇ ਸਿੱਧ ਜੋਗੀਆਂ ਦੇ ਟਿਕਾਣਿਆਂ ਵੱਲ ਸੀ। ਇਸ ਉਦਾਸੀ ਦੇ ਕੁਝ ਚੋਣਵੇਂ ਪੜਾਅ:-

ਸੁਮੇਰ ਪਰਬਤ ਦੀਆਂ ਗੁਫਾਵਾਂ ਵਿੱਚ ਸਿੱਧ, ਜੋਗੀ ਤੇ ਨਾਥ ਨਿਵਾਸ ਕਰਦੇ ਸਨ। ਇੱਥੇ ਗੁਰੂ ਸਾਹਿਬ ਦੀਆਂ ਸਿੱਧਾਂ ਨਾਲ ਧਾਰਮਿਕ ਗੋਸ਼ਟੀਆਂ ਹੋਈਆਂ। ਜੋ ਸਿੱਧ ਜੋਗੀ ਗੁਰੂ ਜੀ ਦੇ ਤਰਕ ਦਾ ਸਾਹਮਣਾ ਨਾ ਕਰ ਸਕੇ ਤਾਂ ਉਹਨਾਂ ਨੇ ਕਰਾਮਾਤੀ ਚੱਕਰ ਚਲਾਉਣੇ ਸ਼ੁਰੂ ਕਰ ਦਿੱਤੇ ਪਰ ਇਹ ਚੱਕਰ ਵੀ ਗੁਰੂ ਸਾਹਿਬ'ਤੇ ਕੋਈ ਪ੍ਰਭਾਵ ਨਾ ਪਾ ਸਕੇ। ਅਖੀਰ ਸਿੱਧਾਂ ਨੇ ਗੁਰੂ ਜੀ ਦੇ ਦਲੀਲਮਈ ਵਿਚਾਰਾਂ ਅੱਗੇ ਹਥਿਆਰ ਸੁੱਟ ਦਿੱਤੇ। ਸੁਮੇਰ ਪਰਬਤ ਤੋਂ ਬਾਅਦ ਗੁਰੂ ਜੀ ਨੇਪਾਲ ਪਹੁੰਚੇ ਅਤੇ ਉਥੋਂ ਦੇ ਰਾਜੇ ਰਘਬੀਰ ਨੂੰ ਆਪਣਾ ਸੇਵਕ ਬਣਾਇਆ।

ਕਸ਼ਮੀਰ ਦੇ ਇਲਾਕੇ ਵਿੱਚ ਗੁਰੂ ਜੀ ਨੇ ਸ੍ਰੀਨਗਰ, ਮਟਨ ਸਾਹਿਬ, ਅਮਰਨਾਥ ਅਤੇ ਵੈਸ਼ਨੋ ਸਾਹਿਬੀ ਦਾ ਰਟਨ ਕੀਤਾ ਅਤੇ ਲੋਕਾਂ ਨੂੰ ਸੱਚ ਦਾ ਰਾਹ ਵਿਖਾਇਆ।

ਜੰਮੂ ਵਿੱਚ ਆਪ ਨੇ ਰਘੂਨਾਥ ਮੰਦਰ ਵਿੱਚ ਟਿਕਾਣਾ ਕੀਤਾ ਅਤੇ ਇਥੇ ਜੁੜੀ ਲੋਕਾਈ ਨੂੰ ਪੱਥਰ ਪੂਜਣ ਤੋਂ ਵਰਜਿਆ।

ਸਿਆਲਕੋਟ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਪੀਰ ਹਮਜ਼ਾ ਗੌਂਸ ਨੂੰ ਸਿੱਧੇ ਰਾਹੇ ਪਾਇਆ ਅਤੇ ਮੌਤ ਦੀ ਸੱਚਾਈ ਨੂੰ ਬਿਆਨ ਕੀਤਾ।

ਇਸ ਉਦਾਸੀ ਦਾ ਛੇਕੜਲਾ ਪੜਾਅ ਪਸਰੂਰ ਸੀ। ਇਥੇ ਗੁਰੂ ਜੀ ਦੀ ਮੀਆਂ ਮਿੱਠਾ ਰਾਮ ਦੇ ਫਕੀਰ ਨਾਲ ਚਰਚਾ ਹੋਈ ਅਤੇ ਆਪ ਨੇ ਉਸ ਨੂੰ ਗੁਰਮਤਿ ਗਿਆਨ ਦੀ ਬਖਸ਼ਿਸ਼ ਕੀਤੀ।

**ਤੀਜੀ ਉਦਾਸੀ**:- ਗੁਰੂ ਨਾਨਕ ਸਾਹਿਬ ਜੀ ਦੀ ਤੀਜੀ ਉਦਾਸੀ ਮੁਸਲਮਾਨੀ ਮੱਤ ਦੇ ਧਾਰਮਿਕ ਸਥਾਨਾਂ ਵੱਲ ਸੀ। ਤਿੰਨ ਵਰ੍ਹਿਆਂ ਦੀ ਇਸ ਉਦਾਸੀ ਦੌਰਾਨ ਗੁਰੂ ਨਾਨਕ ਸਾਹਿਬ ਜੀ ਨੇ ਇਸਲਾਮ ਧਰਮ ਦੇ ਪੀਰਾਂ, ਫਕੀਰਾਂ, ਮੌਲਵੀਆਂ ਅਤੇ ਹੋਰ ਪੈਰੋਕਾਰਾਂ ਨੂੰ ਅੱਲ੍ਹਾ ਤੋਂ ਦੂਰ ਲਿਜਾਣ ਵਾਲੇ ਵਿਚਾਰ ਅਤੇ ਵਿਵਹਾਰ ਤੋਂ ਪ੍ਰਹੇਜ ਕਰਨ ਦਾ ਉਪਦੇਸ਼ ਦਿੱਤਾ।

ਪਾਕਪਟਨ ਦਾ ਪਹਿਲਾ ਨਾਂ ਅਯੋਧਨ ਸੀ। ਗੁਰੂ ਸਾਹਿਬ ਉਥੇ ਬਾਬਾ ਸ਼ੇਖ ਫਰੀਦ ਦੇ ੧੧ਵੇਂ ਗੱਦੀ-ਨਸ਼ੀਨ ਬਾਬਾ ਸ਼ੇਖ ਬ੍ਰਹਮ ਨੂੰ ਮਿਲੇ ਅਤੇ ਬਾਬਾ ਫਰੀਦ ਦੀ ਬਾਣੀ ਪ੍ਰਾਪਤ ਕੀਤੀ ਜੋ ਗੁਰਮਤਿ ਦੀ ਅਨੁਸਾਰੀ ਸੀ।

ਇਸ ਤੋਂ ਅਗਲੇਰਾ ਪੈਂਡਾ ਤਹਿ ਕਰਦੇ ਗੁਰੂ ਜੀ ਤੁਲੰਬੇ ਜੋ ਲਾਹੌਰ ਤੋਂ ਮੁਲਤਾਨ ਵਾਲੀ ਸੜਕ ਉਤੇ ਸਥਿਤ ਹੈ, ਪਹੁੰਚੇ। ਇਥੋਂ ਦਾ ਵਸਨੀਕ ਸੱਜਣ ਮੱਲ ਪਹਿਲਾਂ ਆਏ-ਗਏ ਨੂੰ ਆਪਣੇ ਮੁਸਾਫਰਖਾਨੇ ਵਿੱਚ ਠਹਿਰਾ ਦਿੰਦਾ ਸੀ, ਪਰ ਬਾਅਦ ਵਿੱਚ ਲਾਲਚ ਵੱਸ ਆ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੰਦਾ ਸੀ। ਜਦੋਂ ਗੁਰੂ ਨਾਨਕ ਸਾਹਿਬ ਜੀ ਭਾਈ ਮਰਦਾਨੇ ਸਮੇਤ ਉਸ ਕੋਲ ਪਹੁੰਚੇ ਤਾਂ ਉਸ ਨੇ ਅਜਿਹੇ ਪਾਪਾਂ ਤੋਂ ਤੋਬਾ ਕੀਤੀ ਅਤੇ ਧਰਮੀ ਬੰਦਾ ਬਣਨ ਦਾ ਵਚਨ ਦਿੱਤਾ। ਮੱਕਾ ਅਰਬ ਦੇਸ਼ ਦਾ ਅੰਤਰਰਾਸ਼ਟਰੀ ਪ੍ਰਸਿੱਧੀ ਦਾ ਸ਼ਹਿਰ ਹੈ। ਇਥੇ ਇਸਲਾਮ ਦੇ ਪੈਰੋਕਾਰਾਂ ਦਾ ਤੀਰਥ ਸਥਾਨ **ਕਾਅਬਾ** ਵਾਕਿਆ ਹੈ। ਇਥੇ ਆਪ ਨੇ ਮੁਸਲਮਾਨ ਕਾਜ਼ੀਆਂ,

ਪੀਰਾਂ ਅਤੇ ਫਕੀਰਾਂ ਨੂੰ ਖੁਦਾ ਦੀ ਸਰਵਵਿਆਪਕਤਾ ਦਾ ਉਪਦੇਸ਼ ਦੇ ਕੇ ਉਹਨਾਂ ਦੇ ਤੰਗਦਿਲੀ ਵਾਲੇ ਭਰਮ ਨੂੰ ਤੋੜਿਆ।

ਇਰਾਕ ਦੇ ਸ਼ਹਿਰ ਬਗਦਾਦ ਦੇ ਵਸਨੀਕ ਸੰਗੀਤ ਨੂੰ ਨਫ਼ਰਤ ਕਰਦੇ ਸਨ ਪਰ ਗੁਰੂ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਜੇਕਰ ਸੰਗੀਤ ਦਾ ਉਦੇਸ਼ ਮਾੜਾ ਨਾ ਹੋਵੇ ਤਾਂ ਇਹ ਇੱਕ ਸਰਵੋਤਮ ਵਸਤੂ ਹੋ ਨਿਬੜਦਾ ਹੈ।

ਹਸਨ ਅਬਦਾਲ ਵਿਖੇ ਗੁਰੂ ਨਾਨਕ ਸਾਹਿਬ ਜੀ ਨੇ ਇੱਕ ਕਰਾਮਾਤੀ ਫ਼ਕੀਰ ਵਲੀ ਕੰਧਾਰੀ ਦਾ ਹੰਕਾਰ ਤੋੜਿਆ। ਜਿਸ ਨੇ ਆਪਣੇ ਆਪ ਨੂੰ ਕਰਾਮਾਤੀ ਸਮਝਦਿਆਂ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਜੀ ਨਾਲ ਬੁਰਾ ਵਿਵਹਾਰ ਕੀਤਾ ਸੀ। ਜਦੋਂ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ ਤਾਂ ਉਸ ਨੇ ਗੁਰੂ ਜੀ ਦੇ ਚਰਨੀ ਢਹਿ ਕੇ ਭੁੱਲ ਬਖਸ਼ਾਈ। ਇਥੇ ਇਸ ਘਟਨਾ ਨੂੰ ਤਾਜ਼ਾ ਕਰਦਿਆਂ ਹੋਇਆਂ ਗੁਰਦੁਆਰਾ ਪੰਜਾ ਸਾਹਿਬ ਮੌਜੂਦ ਹੈ।

ਸਿੱਖ ਇਤਿਹਾਸ ਵਿੱਚ ਸੈਦਪੁਰ ਦੀ ਘਟਨਾ ਵੀ ਸੁਨਹਿਰੀ ਅੱਖਰਾਂ ਵਿੱਚ ਲਿਖੀ ਹੋਈ ਮਿਲਦੀ ਹੈ। ਇਥੇ ਆਪ ਸਿੱਖ ਸ਼ਰਧਾਲੂ ਭਾਈ ਲਾਲੋ ਦੇ ਘਰ ਠਹਿਰੇ। ਇਸੇ ਪੜਾਅ ਸਮੇਂ ਬਾਬਰ ਦਾ ਹਮਲਾ ਹੋ ਗਿਆ। ਇਸ ਹਮਲੇ ਤਹਿਤ ਮਾਰਧਾੜ ਅਤੇ ਲੁੱਟ ਕਾਰਨ ਚਾਰੇ ਪਾਸੇ ਹਾਹਾਕਾਰ ਮੱਚ ਗਈ। ਸ਼ਹਿਰ ਤਬਾਹ ਹੋ ਗਏ, ਜੋ ਪ੍ਰਾਣੀ ਬਚ ਗਏ ਸਨ, ਉਹਨਾਂ ਨੂੰ ਕੈਦ ਕਰ ਲਿਆ ਗਿਆ। ਗੁਰੂ ਜੀ ਵੀ ਭਾਈ ਮਰਦਾਨੇ ਸਮੇਤ ਕੈਦ ਹੋ ਗਏ। ਇਸ ਕੈਦ ਦੌਰਾਨ ਗੁਰੂ ਜੀ ਨੇ ਬਾਬਰ ਨੂੰ ਖਰੀਆਂ-ਖਰੀਆਂ ਸੁਣਾਈਆਂ। ਗੁਰੂ ਸਾਹਿਬ ਮੂੰਹੋਂ ਸੱਚ ਸੁਣ ਕੇ ਬਾਬਰ ਨੇ ਸਾਰੇ ਕੈਦੀਆਂ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ।

ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿੱਚ ਕਿਹਾ ਜਾ ਸਕਦਾ ਹੈ ਕਿ ਰੱਬੀ ਰੂਪ ਗੁਰੂ ਨਾਨਕ ਸਾਹਿਬ ਜੀ ਨੂੰ ਉਸ ਵਕਤ ਦੁਨੀਆਂ ਭਰ ਦੀ ਲੋਕਾਈ ਦੇ ਨਾਲ ਹੁੰਦੇ ਧੱਕੇ ਅਤੇ ਬੇਇਨਸਾਫ਼ੀ ਦਾ ਇਲਮ ਸੀ। ਸਿਰਫ਼ ਇਲਮ ਹੀ ਨਹੀਂ ਸਗੋਂ ਗੁਰੂ ਜੀ ਦੇ ਮਨ ਮੰਦਰ ਵਿੱਚ ਲੋਕਾਂ ਦਾ ਦਰਦ ਵੀ ਸੀ। ਇਸ ਦਰਦ ਨੂੰ ਵੰਡਾਉਣ ਲਈ ਉਹਨਾਂ ਦੇਸ਼-ਵਿਦੇਸ਼ ਦਾ ਕੋਹਾਂ ਮੀਲ ਪੈਂਡਾ ਤਹਿ ਕੀਤਾ। ਇਹ ਇੱਕ ਅਜਿਹਾ ਬਿਖੜਿਆ ਪੈਂਡਾ ਸੀ ਜਿਸ ਉਪਰ ਚਲਣਾ ਗੁਰੂ ਨਾਨਕ ਮਹਾਰਾਜ ਜੀ ਵਰਗੇ ਦਲੇਰ, ਫਿਲਾਸਫਰ ਅਤੇ ਸੱਚ ਦੇ ਵਪਾਰੀ ਮਹਾਂਪੁਰਖ ਦੇ ਹੀ ਹਿੱਸੇ ਆ ਸਕਦਾ ਹੈ।

*(ਪੰਨਾ 12 ਦੀ ਬਾਕੀ)*

ਵਾਲੇ ਸਨ, ਲਿਖ ਦਿੱਤਾ ਸੀ। ਉਸ ਕਮੇਟੀ ਨੇ ਇਸ ਅਸਥਾਂਨ ਨੂੰ ਸ਼੍ਰੋ.ਗੁ.ਪ੍ਰ. ਕਮੇਟੀ ਦੇ ਸਪੁਰਦ ਕੀਤਾ। ਉਸ ਸਮੇਂ ਗੁਰਦੁਆਰਿਆਂ ਦੀ ਆਜ਼ਾਦੀ ਲਈ ਗੁਰਦੁਆਰਾ ਸੁਧਾਰ ਲਹਿਰ ਚਲ ਰਹੀ ਸੀ, ਪਰ ਗੁਰਦੁਆਰਾ ਐਕਟ ਹੋਂਦ ਵਿੱਚ ਨਹੀਂ ਆਇਆ ਸੀ। ਸ਼੍ਰੋ.ਗੁ.ਪ੍ਰ. ਕਮੇਟੀ ਨੇ ਇਥੋਂ ਦੇ ਪ੍ਰਬੰਧ ਲਈ ਸ. ਨਰੈਣ ਸਿੰਘ ਬੈਰਿਸਟਰ ਸ਼ਾਹਪੁਰ ਦੀ ਨਿਯੁਕਤੀ ਕੀਤੀ ਅਤੇ ਉਨ੍ਹਾਂ ਦੇ ਅਧੀਨ ਜਥੇਦਾਰ ਬੂਟਾ ਸਿੰਘ ਚੱਕ ਨੰ. ੨੦੪ ਲਾਇਲਪੁਰ ਵਾਲਿਆਂ ਨੂੰ ਜ਼ਮੀਨਾਂ ਦਾ ਪ੍ਰਬੰਧ ਕਰਨ ਲਈ ਨਿਯੁਕਤ ਕੀਤਾ। ਇਹ ਪ੍ਰਬੰਧ ਗੁਰਦੁਆਰਾ ਐਕਟ ਬਣਨ ਤੱਕ ਚਲਦਾ ਰਿਹਾ। ਗੁਰਦੁਆਰਾ ਐਕਟ ੧ ਨਵੰਬਰ ੧੯੨੫ ਈ. ਨੂੰ ਬਣਿਆ ਅਤੇ ਐਕਟ ਦੀ ਦਫ਼ਾ ੮੫ ਅਧੀਨ ੧੩ ਮੈਂਬਰਾਂ ਦੀ ਲੋਕਲ ਕਮੇਟੀ ਸਥਾਪਤੀ ਦਾ ਐਲਾਨ ਕਰ ਦਿਤਾ ਅਤੇ ਇਕੋਂ ਦਾ ਸਮੁੱਚਾ ਪ੍ਰਬੰਧ ੩੦ ਨਵੰਬਰ ੧੯੨੬ ਤੋਂ ਲੋਕਲ ਕਮੇਟੀ ਦੇ ਹੱਥ ਆ ਗਿਆ। ਇਸ ਲੋਕਲ ਕਮੇਟੀ ਦੇ ਪਹਿਲੇ ਪ੍ਰਧਾਨ ਸ. ਬੂਟਾ ਸਿੰਘ ਜੀ ਵਕੀਲ ਸ਼ੇਖੂਪੁਰਾ (੧੯੨੬ ਤੋਂ ੧੯੩੩ ਤੱਕ), ਦੂਜੇ ਪ੍ਰਧਾਨ ਸ. ਬਹਾਦਰ ਮਹਿਤਾਬ ਸਿੰਘ ਬੈਰਿਸਟਰ ਲਾਹੌਰ (੧੯੩੩ ਤੋਂ ੧੯੩੬ ਤੱਕ), ਤੀਜੇ ਪ੍ਰਧਾਨ ਜਥੇਦਾਰ ਤੇਜਾ ਸਿੰਘ ਅਕਰਪੁਰੀ ਜ਼ਿਲ੍ਹਾ ਗੁਰਦਾਸਪੁਰ (੧੯੩੬ ਤੋਂ ੧੯੩੯ ਤੱਕ) ਅਤੇ ਚੌਥੇ ਪ੍ਰਧਾਨ ਸ. ਸੰਪੂਰਨ ਸਿੰਘ ਬੈਰਿਸਟਰ ਲਾਇਲਪੁਰ (੧੯੩੯ ਤੋਂ ੧੯੪੪ ਤੱਕ) ਸਨ। ਇਸ ਉਪਰੰਤ ਨਨਕਾਣਾ ਸਾਹਿਬ ਦੇ ਗੁਰਦੁਆਰੇ ਸਿੱਧੇ ਸ਼੍ਰੋ.ਗੁ.ਪ੍ਰ. ਕਮੇਟੀ ਦੇ ਪ੍ਰਬੰਧ ਹੇਠ ਆ ਗਏ। ਸੰਨ ੧੯੪੪ ਵਿੱਚ ਪੰਜਾਬ ਸਰਕਾਰ ਨੇ ਗੁਰਦੁਆਰਾ ਕਾਨੂੰਨ ਅੰਦਰ ਤਰਮੀਮ ਕਰਕੇ ਗੁਰਦੁਆਰਾ ਐਕਟ ਦੀ ਧਾਰਾ ੨੪ ਦੇ ਅਧੀਨ ਸਾਰੇ ਗੁਰਦੁਆਰਿਆਂ ਦੀਆਂ ਲੋਕਲ ਕਮੇਟੀਆਂ ਦੀ ਪ੍ਰਬੰਧਕੀ ਤਾਕਤ ਨੂੰ ਖਤਮ ਕਰਕੇ ਇਨ੍ਹਾਂ ਨੂੰ ਕੇਵਲ ਸਲਾਹਕਾਰ ਹੋਣ ਦਾ ਅਧਿਕਾਰ ਦਿਤਾ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਧਾ ਸ਼੍ਰੋ.ਗੁ.ਪ੍ਰ.ਕਮੇਟੀ ਦੇ ਹੱਥ ਵਿੱਚ ਦੇ ਦਿੱਤਾ।

ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਵਿੱਚ ਰਹਿ ਗਏ ਅਤੇ ਸਾਰੇ ਹੀ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਪਾਕਿਸਤਾਨ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਅਧੀਨ ਹੈ। ਈ.ਈ.ਪੀ.ਬੀ. ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਇਨ੍ਹਾਂ ਗੁਰਦੁਆਰਿਆਂ 'ਚ ਲਗਭਗ ਸਾਰੇ ਗੁਰਪੁਰਬ ਤੇ ਸ਼ਹੀਦੀ ਦਿਹਾੜੇ ਭਾਰੀ ਉਤਸ਼ਾਹ ਨਾਲ ਮਨਾਏ ਜਾਂਦੇ ਹਨ।

# ਬਾਬਾ ਨਾਨਕ - ਇਲਾਹੀ ਅਧਿਆਪਕ

*[ਐਡਵੋਕੇਟ ਰਵਿੰਦਰ ਸਿੰਘ ਸੈਂਪਲਾ, ਚੰਡੀਗੜ੍ਹ]*

ਬਾਬਾ ਨਾਨਕ ਦੈਵੀ ਮਿੱਥਿਆਵਾਂ ਦੇ ਮੁੱਜਸਮੇ ਸਨ। ਅੱਜ ਤੋਂ 550 ਵਰੇ ਪਹਿਲਾਂ ਉਹਨਾਂ ਦਾ ਸੰਸਾਰਿਕ ਆਗਮਨ ਵਿਸ਼ੇਸ਼ ਮਕਸਦ ਦਾ ਹਿੱਸਾ ਸੀ। ਇਹ ਉਹ ਵਕਤ ਸੀ ਜਦੋਂ ਦਿਖਾਵੇ ਦੇ ਕਰਮ-ਕਾਂਡ, ਰਸਮ ਰਿਵਾਜ ਪੂਰੇ ਕਰਨਾ ਹੀ ਧਰਮ ਸਮਝਿਆ ਜਾਂਦਾ ਸੀ। ਇਨਸਾਨੀ ਫਿਤਰਤ ਸ਼ਕਲ ਤੋਂ ਇਨਸਾਨੀ ਰਹਿ ਗਈ ਸੀ ਪਰ ਅਸਲ ਵਿੱਚ ਇਨਸਾਨੀਅਤ ਦਾ ਨਾਮੋਨਿਸ਼ਾਨ ਨਜ਼ਰ ਨਹੀਂ ਆਉਂਦਾ ਸੀ।

ਇਹ ਸਮਾਂ ਸੀ ਜਦੋਂ ਪੰਦਰਵੀਂ ਸਦੀ ਵਿੱਚ ਅਕਾਲ ਰੂਪ ਨੇ ਮੰਤ੍ਰਾਂ, ਤੰਤ੍ਰਾਂ, ਵਹਿਮਾਂ, ਭਰਮਾਂ, ਆਸਣਾਂ, ਸਮਾਧੀਆਂ, ਜਪਾਂ, ਤਪਾਂ, ਰਿਧੀਆਂ-ਸਿੱਧੀਆਂ, ਵਰਤਾਂ, ਨੇਮਾਂ ਵਿੱਚ ਗਲਤਾਰ ਹੋ ਚੁੱਕੀ ਇਨਸਾਨੀਅਤ ਨੂੰ ਸੋਧ ਕੇ ਇਲਾਹੀ ਸਿੱਖਿਆਵਾਂ ਦਾ ਪ੍ਰਸਾਰ ਕਰਨ ਲਈ ਨਾਨਕ ਅਵਤਾਰ ਧਾਰਿਆ। ਗੁਰੂ ਨਾਨਕ ਦੀਆਂ ਸਿੱਖਿਆਵਾਂ ਦਾ ਦਾਇਰਾ ਵਿਸ਼ਾਲ ਸੀ ਪਰ ਉਨਾਂ ਹੀ ਸੁਖਾਲਾ ਵੀ ਸੀ। ਅਸਲ ਵਿੱਚ ਗੁਰੂ ਬਾਬੇ ਦਾ ਆਗਮਨ ਇਕ ਇਲਾਹੀ ਅਧਿਆਪਕ ਦੇ ਰੂਪ ਵਿੱਚ ਧਰਮ ਦੇ ਠੇਕੇਦਾਰਾਂ ਵਿਰੁਧ ਬਗਾਵਤ ਦਾ ਆਗਮਨ ਵੀ ਸੀ। ਬਾਬਾ ਨਾਨਕ ਨੇ ਜਿਸ ਢੰਗ ਨਾਲ ਇਸ ਧਰਤੀ ਨੂੰ ਇਕ ਪ੍ਰਯੋਗਸ਼ਾਲਾ ਦੇ ਰੂਪ ਵਿੱਚ ਮੰਨ ਕੇ ਤਰ੍ਹਾਂ-ਤਰ੍ਹਾਂ ਦੇ ਮਾਨਵ ਹਿੱਤ ਪ੍ਰਯੋਗ ਅਕਾਲ ਬਾਣੀ ਦੇ ਰੂਪ ਵਿੱਚ ਕਰਕੇ ਦਿਖਾਏ ਜਿਸਦਾ ਸੁਆਗਤ ਕੁਲ ਕਾਇਨਾਤ ਨੇ ਕੀਤਾ।

ਇੱਕ ਇਲਾਹੀ ਅਧਿਆਪਕ ਦੇ ਰੂਪ ਵਿੱਚ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਵੀ ਨਿਰਣਾਇਕ ਰੂਪ ਵਿੱਚ ਨਿਰਮਾਣਤਾ ਭਰਭੂਰ ਮਨੁੱਖੀ ਜੀਵਨ ਵਿੱਚ ਲਾਗੂ ਕਰਨੀਆਂ ਆਸਾਨ ਹਨ। ਗੁਰੂ ਸਾਹਿਬ ਉੱਚ ਕੋਟੀ ਦੇ ਵਿਲੱਖਣ ਅਧਿਆਤਮਕ ਗੁਰੂ ਸਨ। ਜਿਥੇ ਉਹ ਅਦਭੁੱਤ ਲਿਖਾਰੀ, ਕਵੀ ਸਨ ਉਥੇ ਕਾਇਨਾਤ ਵਿੱਚ ਉਨ੍ਹਾਂ ਦੇ ਸਮਾਨ ਦਾ ਕੋਈ ਗਾਇਕ ਤੇ ਸੰਗੀਤਕਾਰ ਉਤਪੰਨ ਨਹੀਂ ਹੋਇਆ ਹੈ।

## ਇਲਾਹੀ ਅਧਿਆਪਕ ਦੀਆਂ ਸਿੱਖਿਆਵਾਂ

ਗੁਰੂ ਸਾਹਿਬ ਨੇ ਪੈਦਲ ਹੀ ਭਾਰਤ, ਮੱਧ ਏਸ਼ੀਆ, ਮੱਕਾ ਮਦੀਨਾ ਤੋਂ ਲੈ ਕੇ ਪ੍ਰਚਾਰ ਤੇ ਪ੍ਰਸਾਰ ਦੇ ਉਦੇਸ਼ ਨਾਲ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਉਪਦੇਸ਼ ਤਹਿਤ ਚਾਰ ਯਾਤਰਾਵਾਂ ਕੀਤੀਆਂ। ਗੁਰੂ ਸਾਹਿਬ ਦੀਆਂ ਇਹਨਾਂ ਯਾਤਰਾਵਾਂ ਦਾ ਮੁੱਖ ਉਦੇਸ਼ ਕੁਲ ਲੁਕਾਈ ਤੱਕ ਮਾਨਵਤਾ, ਬਰਾਬਰੀ, ਭਾਈਚਾਰਕ ਸਾਂਝ, ਜਾਤ-ਪਾਤ ਤੇ ਊਚ-ਨੀਚ ਦਾ ਖਾਤਮਾ, ਮਿਲਵਰਤਨ ਤੇ ਸਾਰੀ ਮਨੁੱਖਤਾ ਨੂੰ ਸਰਬ ਸ਼ਾਂਝੀਵਾਲਤਾ ਦੇ ਇਕ ਧਾਗੇ ਵਿੱਚ ਪ੍ਰੋਣਾ ਸੀ। ਗੁਰੂ ਸਾਹਿਬ ਨੇ ਗੁਰਬਾਣੀ ਜਰੀਏ ਬੜੇ ਸਰਲ ਤਰੀਕੇ ਨਾਲ ਮਨੁੱਖਤਾ ਨੂੰ ਇਹ ਸਮਝਾਉਣ ਦਾ ਯਤਨ ਕੀਤਾ ਕੀ ਆਖਰ ਜਿੰਦਗੀ ਨੂੰ ਜਿਉਣਾ ਕਿਵੇਂ ਹੈ। ਜਿਸਦੇ ਸੰਬੰਧ ਵਿੱਚ ਗੁਰੂ ਸਾਹਿਬ ਫੁਰਮਾਨ ਕਰਦੇ ਹਨ -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥ ਅੰਗ - 142***

ਗੁਰੂ ਨਾਨਕ ਸਾਹਿਬ ਤੇ ਸਮੁੱਚੀ ਲੋਕਾਈ ਨੂੰ ਸਮਝਾਉਣਾ ਕੀਤਾ ਕਿ ਮਾੜੇ ਕਰਮਾਂ ਨੂੰ ਕਰਨ ਦੀ ਬਜਾਏ ਉਸ ਪ੍ਰਭੂ ਪ੍ਰਮਾਤਮਾ ਦੀ ਸ਼ਰਨ ਵਿੱਚ ਜਿੰਦਗੀ ਗੁਜਾਰਨੀ ਚਾਹਿਦੀ ਹੈ ਜੋ ਮਨੁੱਖ ਨਿਤ ਦੇ ਕੰਮਾਂ ਕਾਰਾਂ ਵਿੱਚ ਸਰਬ ਵਿਆਪੀ ਪ੍ਰਮਾਤਮਾ ਨੂੰ ਭੁਲਾਈ ਬੈਠੇ ਹਨ, ਉਹ ਇਸ ਜਹਾਨ ਤੋਂ ਇਜ਼ਤਾਂ ਗੁਆ ਕੇ ਜਾਂਦੇ ਹਨ। ਗੁਰੂ ਸਾਹਿਬ ਨੇ ਫੁਰਮਾਇਆ ਕਿ ਉਹ ਮਨੁੱਖ ਜੋ ਅਕਾਲਪੁਰਖ ਨੂੰ ਯਾਦ ਨਹੀਂ ਕਰਦੇ ਜਿਉਂਦੇ ਜੀਅ ਵੀ ਮੋਇਆਂ ਬਰਾਬਰ ਹਨ।

ਵਾਤਾਵਰਣ ਪ੍ਰਤੀ ਮਨੁੱਖ ਦਾ ਵਰਤਾਰਾ ਦੇਖ ਕੇ ਬਾਬਾ ਨਾਨਕ ਉਪਦੇਸ਼ ਕਰਦੇ ਹਨ ਕਿ ਜਿੰਨੀ ਇੱਜਤ ਮਨੁੱਖ ਆਪਣੇ ਮਾਤਾ ਪਿਤਾ ਨੂੰ ਦਿੰਦਾ ਹੈ ਉਨੀਂ ਹੀ ਇੱਜਤ ਤੇ ਸਤਿਕਾਰ ਉਸ ਨੂੰ ਕੁਦਰਤ ਦਾ ਕਰਨਾ ਚਾਹਿਦਾ ਹੈ।

***ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥***
***ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥***

ਹਵਾ ਨੂੰ ਆਤਮਕ ਗੁਰੂ ਮੰਨਦੇ ਹੋਏ ਪਾਣੀ ਨੂੰ ਸੰਭਨਾ ਜੀਵਾਂ ਦਾ ਪਿਉ ਦੱਸਿਆ ਤੇ ਧਰਤੀ ਦਾ ਵਿਵਰਣ ਸਭ ਤੋਂ ਵੱਡੀ ਪਾਲਣਹਾਰ ਮਾਂ ਦੇ ਰੂਪ ਵਿੱਚ ਕੀਤਾ।

***ਬਲਿਹਾਰੀ ਕੁਦਰਤਿ ਵਸਿਆ॥***
***ਤੇਰਾ ਅੰਤ ਨ ਜਾਈ ਲਖਿਆ॥***

ਆਪ ਕਰਤਾ ਕਰਤਾਰ ਜੋ ਕੁਦਰਤ ਦੇ ਰੂਪ ਵਿੱਚ ਆਪ ਵਰਤ ਰਿਹਾ ਹੈ ਤੇ ਜਿਸਦਾ ਅੰਤ ਪਾਇਆ ਨਹੀਂ ਜਾ ਸਕਦਾ ਉਸ ਕਰਤਾਰ ਤੋਂ ਅਸੀਂ ਸਦਕੇ ਜਾਂਦੇ ਹਾਂ।

ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਦਾ ਮੂਲ ਸਿਧਾਂਤ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛੱਕਣਾ ਹਨ। ਕਿਰਤ ਕਰਨ ਤੋਂ ਭਾਵ ਆਪਣੀ ਕਿਰਤ ਨਾਲ ਪਿਆਰ ਕਰਨਾ, ਕ੍ਰਿਤੀ ਸ੍ਰੇਣੀ ਦਾ ਸਤਿਕਾਰ ਕਰਨਾ ਤੇ ਮਨੁੱਖੀ ਮਨ ਨੂੰ ਕਿਸੇ ਨਾ ਕਿਸੇ ਕੰਮ ਵਿੱਚ ਵਿਅਸਤ ਕਰ ਰੱਖਣਾ ਹੈ। ਨਾਮ ਜਪਣ ਤੋਂ ਭਾਵ ਕੇਵਲ ਕਿਸੇ ਮੰਤ੍ਰ ਦਾ ਨਿਰੰਤਰ ਉਚਾਰਣ ਕਰਨਾ ਨਾ ਹੋ ਕੇ ਗੁਰੂ ਸਾਹਿਬ ਨੇ ਸਮਝਾਇਆ ਕਿ ਨਾਮ ਜਪਣ ਦਾ ਅਰਥ ਪ੍ਰਭੂ ਪਤੀ ਨੂੰ ਅਰਦਾਸ ਕਰਨਾ ਤੇ ਉਸਦੀ ਰਚਾਈ ਰਜ਼ਾ ਵਿੱਚ ਰਾਜ਼ੀ ਰਹਿਣਾ ਹੈ। ਇਸਦੇ ਨਾਲ-ਨਾਲ ਇਸ ਗੱਲ ਦਾ ਅਧਿਐਨ ਕਰਨਾ ਹੈ ਕਿ ਉਹ ਜਿਸ ਪ੍ਰਭੂ ਨੂੰ ਸਿਮਰ ਰਿਹਾ ਹੈ, ਉਸਦੀ ਸਿੱਖਿਆ ਅਨੁਸਾਰ ਜੀਵਨ ਨੂੰ ਢਾਲਣਾ ਵੀ ਹੈ। ਇਸਦਾ ਭਾਵ ਇਹ ਹੈ ਕਿ ਉਹ ਧਾਰਮਿਕ ਬੁਨਿਆਦੀ ਢਾਂਚੇ ਨਾਲ ਮਹਿਜ਼ ਜੁਬਾਨ ਜਰੀਏ ਹੀ ਨਾ ਜੁੜੇ ਸਗੋਂ ਅੰਤਰ ਧਿਆਨ ਦੇ ਸਿਧਾਂਤ ਨੂੰ ਵੀ ਪਛਾਣ ਲਵੇ। ਕਿਰਤ ਕਰਨ ਤੇ ਨਾਮ ਜਪਣ ਉਪਰੰਤ ਜੋ ਭਾਵਨਾ ਮਨੁੱਖੀ ਸਰੀਰ ਵਿੱਚ ਪੈਦਾ ਹੁੰਦੀ ਹੈ। ਉਸਨੂੰ ਗੁਰੂ ਸਾਹਿਬ ਆਪਣੀ ਤੀਸਰੀ ਸਿੱਖਿਆ ਵੰਡ ਛੱਕੋ ਦੇ ਰੂਪ ਵਿੱਚ ਪ੍ਰਚਾਰਦੇ ਹਨ। ਬਿਨਾਂ ਸਵਾਰਥ, ਦਿਆਵਾਨਤਾ ਤੇ ਨੇਕੀ ਦੀ ਮਿਸਾਲ ਬਣਨਾ ਹੀ ਗੁਰੂ ਨਾਨਕ ਦੀ ਛੱਕੋ ਵੀ ਵੰਡ ਕੇ ਦੀ ਨੀਤੀ ਦਾ ਅਸਲ ਅਧਿਐਨ ਹੈ। ਜਾਤ-ਪਾਤ ਤੇ ਫਿਰਕੂਪਣੇ ਦੇ ਚੰਗੁਲ 'ਚ ਫਸੀ ਹੋਈ ਮਨੁੱਖਤਾ ਨੂੰ ਗੁਰੂ ਸਾਹਿਬ ਨੇ ਫੁਰਮਾਨ ਕੀਤਾ ਕੇ ਸਾਰੀ ਲੁਕਾਈ ਇਕ ਵੱਡਾ ਵਿਸ਼ਾਲ ਪਰਿਵਾਰ ਹੈ ਤੇ ਅਸੀਂ ਸਾਰੇ ਇਸੇ ਪਰਿਵਾਰ ਦਾ ਇੱਕ ਹਿੱਸਾ ਹਾਂ ਤੇ ਜਾਤ-ਪਾਤ ਮੱਨੁਖੀ ਲਾਲਚ ਤੋਂ ਸਿਰਜੀ ਇਕ ਬੁਰਿਆਈ ਹੈ।

***ਫਕੜ ਜਾਤੀ ਫਕੜ ਨਾਉ***
***ਸਭਨਾ ਜੀਆਂ ਇਕਾ ਛਾਉ॥ ਅੰਗ - 83***

ਗੁਰੂ ਨਾਨਕਦੇਵ ਪਾਤਸ਼ਾਹ ਜੀ ਦੀ ਉਚਾਰਣ ਬਾਣੀ ਨੇ ਸਮਾਜਿਕ, ਰਾਜਨਿਤੀਕ, ਧਾਰਮਿਕ ਤੇ ਕੂੜ ਪ੍ਰਾਚਰਕ ਅਧਿਆਤਮਕ ਬੁਰਿਆਈਆਂ ਦਾ ਪੂਰਜੋਰ ਖੰਡਣ ਕੀਤਾ। ਔਰਤ, ਇਸਤਰੀਆਂ ਦੀ ਸਮਾਜ ਵਿੱਚ ਭੈੜੀ ਦਸ਼ਾ ਪ੍ਰਤੀ ਇਸਤਰੀ ਰੂਪ ਦੀ ਅਸਲ ਤਸਵੀਰ ਗੁਰੂ ਸਾਹਿਬ ਨੇ ਸਮਾਜ ਦੇ ਅੱਗੇ ਰੱਖ ਕੇ ਸਮਾਜ ਨੂੰ ਸ਼ੀਸ਼ਾ ਦਿਖਾਉਣਾ ਕੀਤਾ। ਔਰਤਾਂ ਪ੍ਰਤੀ ਭੈੜੀਆਂ ਕੁਰੀਤੀਆਂ ਦੇ ਸੰਬੰਧ ਵਿੱਚ ਜਦੋਂ ਪਰਦਾ ਪ੍ਰਥਾ, ਸਤੀ ਪ੍ਰਥਾ, ਬਾਲ ਵਿਵਾਹ ਤੇ ਦਾਜ ਪ੍ਰਥਾ ਦਾ ਭਰਭੂਰ ਬੋਲਬਾਲਾ ਸੀ, ਗੁਰੂ ਸਾਹਿਬ ਨੇ ਆਸਾ ਦੀ ਵਾਰ ਵਿੱਚ ਸਮਝਾਉਣਾ ਕੀਤਾ -

***ਸੋ ਕਿਉ ਮੰਦਾ ਆਖੀਐ***
***ਜਿਤੁ ਜੰਮਹਿ ਰਾਜਾਨ॥***

ਬੁੱਤ ਪੂਜਾ ਤੇ ਅੰਧ ਵਿਸਵਾਸ ਪ੍ਰਤੀ ਉਸ ਸਮੇਂ ਗੁਰੂ ਸਾਹਿਬ ਨੇ ਲੁਕਾਈ ਨੂੰ ਇਕ ਅਧਿਆਪਕ ਦੇ ਤੌਰ ਤੇ ਸਿੱਖਿਅਤ ਕੀਤਾ ਜਦੋਂ ਚੁਫੇਰੇ ਬੁਤਪ੍ਰਸਤੀ ਤੇ ਅੰਧ ਵਿਸ਼ਵਾਸ ਫੈਲਿਆ ਹੋਇਆ ਸੀ, ਸੱਚੇ ਮਾਰਗ ਦਾ ਰਾਹ ਦਿਖਾਉਂਦੇ ਹੋਏ ਗੁਰੂ ਸਾਹਿਬ ਸੱਚੇ ਜੀਵਨ ਜਿਉਣ ਨੂੰ ਧਰਮ ਆਖਿਆ ਤੇ ਉਚ-ਨੀਚ ਦੇ ਦਿਖਾਵੇ ਨੂੰ ਭੰਡਦੇ ਹੋਏ ਫੁਰਮਾਇਆ।

***ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ***
***ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ॥***
***ਅੰਗ - 62***

ਗੁਰੂ ਨਾਨਕ ਸਾਹਿਬ ਦਾ ਫਲਸਫਾ ਮਨੁੱਖੀ ਹੱਕਾਂ ਦੀ ਤਰਜਮਾਨੀ ਕਰਨਾ ਹੈ। ਉਹਨਾਂ ਗੁਰੂ ਭਾਣੇ ਵਿੱਚ ਉੱਚਾ-ਸੁੱਚਾ ਜੀਵਨ ਜੀਉਣ ਨੂੰ ਹੀ ਉੱਤਮ ਮੰਨਿਆ ਤੇ ਕਿਸੇ ਦੂਜੇ ਦੇ ਹੱਕ ਮਾਰਨ ਨੂੰ ਬਜਰ ਗੁਨਾਹ ਕਰਾਰ ਦਿੱਤਾ।

***ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ॥***
***ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥***
***ਅੰਗ - 141***

ਮਨੁੱਖੀ ਜਿਉਣਾ ਕਿਸ ਤਰ੍ਹਾਂ ਦਾ ਹੈ? ਜੀਵਨ ਜਿਉਣ ਸਮੇਂ ਤੁਹਾਡੇ ਭਾਵ ਕੀ ਹੋਣੇ ਚਾਹੀਦੇ ਹਨ?

ਮਨੁੱਖੀ ਜੀਵਨ ਦਾ ਸਾਰ ਅੰਸ਼ ਪ੍ਰਭੂ ਪ੍ਰਮਾਤਮਾ ਅਨੁਸਾਰ ਕੀ ਹੈ? ਇਹ ਸਭ ਨੂੰ ਬਾਬੇ ਨਾਨਕ ਨੇ ਤਰਤੀਬ ਵਾਰ ਸਮਝਾਇਆ। ਸੁਖ ਤੇ ਦੁਖ ਮਨੁੱਖ ਦੇ ਜੀਵਨ ਦੇ ਮੁੱਖ ਅੰਗ ਹਨ –

***ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥***
***ਅੰਗ – 149***

ਮਿਠਤ ਨੀਵੀ ਨਾਨਕ ਗੁਣ ਚੰਗਿਆਈਆ ਤਤੁ॥ ਅਨੁਸਾਰ ਗੁਰੂ ਸਾਹਿਬ ਸਿੱਖਿਆ ਦਿੰਦੇ ਹਨ ਕਿ ਮਿੱਠਾ ਸੁਭਾਅ ਨਿਮਰਤਾ ਤੇ ਹਲੀਮੀ ਵਾਲੇ ਗੁਣ ਮਨੁੱਖ ਨੂੰ ਸਰਵਵਿਆਪਕ ਤੇ ਉਤੱਮ ਬਣਾ ਦਿੰਦੇ ਹਨ।

ਅਸਲ ਵਿੱਚ ਇਕ ਇਲਾਹੀ ਅਧਿਆਤਮਕ ਗੁਰੂ ਦੇ ਰੂਪ ਵਿੱਚ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਦਾ ਅੰਤ ਪਾਉਣਾ ਮੁਸ਼ਕਿਲ ਹੈ। ਗੁਰੂ ਸਾਹਿਬ ਦਾ ਜੀਵਨ ਮਾਰਗ ਦਰਸ਼ਨ ਕਰਨਾ ਸਮੁੱਚੀ ਮਾਨਵਤਾ ਲਈ ਵੱਡਮੁਲਾ ਪਰਉਪਕਾਰ ਹੈ। ਜਿਸ ਸਾਂਝੀਵਾਲਤਾ ਦੇ ਸਮਾਜ ਨੂੰ ਸਿਰਜਣ ਦੇ ਉਦੇਸ਼ ਹਿੱਤ ਅਕਾਲ ਰੂਪ ਬਾਬਾ ਨਾਨਕ ਦਾ ਆਗਮਨ ਇਸ ਧਰਤੀ ਤੇ ਹੋਇਆ ਸੀ ਅੱਜ ਉਹਨਾਂ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਸਮੇਂ ਵੀ ਸ਼ਾਇਦ ਮੁਨੱਖਤਾ ਜਿਸ ਤਰੀਕੇ ਨਾਲ ਅਸਹਿਣਸ਼ੀਲਤਾ ਤੇ ਸੁਆਰਥ ਵੱਲ ਵੱਧਦੀ ਜਾ ਰਹੀ ਹੈ ਉਥੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੇ ਉਪਦੇਸ਼ ਅਮਲੀ ਰੂਪ ਵਿੱਚ ਅਪਨਾਉਣ ਦੀ ਲੋੜ ਹੈ। ਸਾਹਿਬ ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾ ਕੇ ਜਿਸ ਗੁਰਬਾਣੀ ਰੂਪੀ ਉਪਦਸ਼ ਤੋਂ ਸਮਾਜ ਵਾਂਝਾ ਹੈ ਇਕ ਨਵੇਂ ਸਮਾਜ ਦੀ ਸਿਰਜਣਾ ਕਰਨਾ ਹੀ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੇ ਅਸਲ ਪਹਿਰਾ ਦੇਣਾ ਹੋਵੇਗਾ।

# ਧੰਨ ਗੁਰੂ ਨਾਨਕ ਦੇਵ ਜੀ ਅਤੇ ਛਨੀੱਛਰ ਕੀ ਕਥਾ

*[ਭਾਈ ਦਵਿੰਦਰ ਸਿੰਘ ਜੀ, ਡੀ. ਐਸ. ਪੀ., ਜਗਾਧਰੀ]*

ਮਾਰਿਆ ਸਿਕਾ ਜਗਤ ਵਿੱਚ ਨਾਨਕ ਨਿਰਮੱਲ ਪੰਥ ਚਲਾਇਆ॥ ਧੰਨ ਗੁਰੂ ਨਾਨਕ ਦੇਵ ਜੀ ਨੇ 22 ਸਾਲ ਵਿੱਚ ਜਗਤ ਨੂੰ ਸੋਧਣ, ਪਾਖੰਡ ਜਾਤ-ਪਾਤ ਦਾ ਘਮੰਡ ਉਚ-ਨੀਚ ਧਰਮਾਂ ਦੇ ਨਾਮ ਤੇ ਲੜਨਾ, ਭੇਦ-ਭਾਵ ਆਦਿ ਦੀਆਂ ਕੁਰੀਤਿਆਂ ਨੂੰ ਦੂਰ ਤੇ ਲੋਕਾਈ ਨੂੰ ਪ੍ਰਭੂ ਦੇ ਸੱਚੇ ਮਾਰਗ ਵੱਲ ਜੋੜਨ ਲਈ ਚਾਰ ਉਦਾਸੀਆਂ ਪਰਚਾਰ ਰਾਹੀਂ ਕੀਤੀਆਂ। ਮੈਦਾਨੀ, ਮੁਰਥਲ, ਪਹਾੜੀ ਅਤੇ ਬੜੇ ਕਠਨ ਪੈਂਡਿਆ ਰਾਹੀ ਹਰੇਕ ਮਤਾਂ ਨੂੰ ਪਰਮਾਤਮਾ ਦੇ ਰਸਤੇ ਪਾਇਆ। ਧੰਨ ਗੁਰੂ ਨਾਨਕ ਦੇਵ ਸਾਹਿਬ ਨੇ ਉਹਨਾਂ ਦਾ ਹੀ ਯੋਗ ਉਹਨਾਂ ਦੀ ਬੋਲੀ ਵਿੱਚ ਸਰਲ ਢੰਗ ਰਾਹੀਂ ਸਮਝਾਇਆ। ਜਿਵੇਂ ਹਰਿਦੁਆਰ ਜਾਕੇ ਪੰਡਿਤਾਂ ਦਾ ਪਿਤਰਾਂ ਨੂੰ ਅਤੇ ਸੂਰਜ ਨੂੰ ਪਾਣੀ ਜਗਨਨਾਥਪੁਰੀ (ਉਡੀਸਾ) ਆਰਤੀ, ਖਾਰੇ ਪਾਣੀ ਦੀ ਥਾਂ ਮਿੱਠਾ ਪਾਣੀ ਦੀ ਹੁਣ ਵੀ ਬਾਉਲੀ ਬਹੁਤ ਸ਼ਹਿਰਾਂ, ਸਾਧੂ ਸੰਤਾਂ ਦੇ ਡੇਰਿਆਂ ਮੱਠਾਂ, ਸਨਿਆਸੀ, ਜੋਗੀ, ਨਾਥਾਂ ਸ਼ਿਵ ਭਗਤਾਂ ਜਟਾਧਾਰੀਆਂ, ਜੈਨੀ ਅਤੇ ਬੋਧੀਆਂ ਆਦਿ ਜਿਹੜੇ ਪ੍ਰਭੂ ਦੇ ਉਲਟ ਆਪਣੀ ਪੂਜਾ ਲਈ ਲੋਕਾਈ ਨੂੰ ਆਪਣੇ ਜਾਲ-ਕਰਮਕਾਂਡਾਂ ਰਾਹੀ ਫਸਾਇਆ ਹੋਇਆ ਸੀ, ਗੁਰੂ ਜੀ ਨੇ ਬੜੇ ਸੁੱਚਜੇ ਬੇਬਾਕੀ ਤਰੀਕੇ ਨਾਲ ਪ੍ਰਭੂ ਨਾਲ ਜੋੜਿਆ ਤੇ ਉਨ੍ਹਾਂ ਦੇ ਪਾਖੰਡ ਦਾ ਭਾਂਡਾ ਫੋੜਿਆ।

ਇਕ ਦੇਸ਼ ਦਾ ਰਾਜਾ ਜਿਸਦਾ ਨਾਮ ਸੂਰਜ ਸੀ, ਲੋਕੀ ਛਨੀੱਛਰ ਦੇਵਤਾ ਦੀ ਪੂਜਾ ਕਰਦੇ ਸਨ, ਭੋਗ ਲੁਆਉਂਦੇ ਤੇ ਮੋਖ ਦੀ ਕਾਮਨਾ ਕਰਦੇ ਸਨ। ਗੁਰੂ ਜੀ ਉਸ ਦੇਸ਼ ਪਹੁੰਚੇ ਤਾਂ ਇਕ ਪੰਡਿਤ ਨਾਲ ਚਰਚਾ ਹੋਈ। ਉਸ ਨੇ ਦੱਸਿਆ ਕਿ ਸੂਰਜ ਰਾਜੇ ਦੀ ਸੰਤਾਨ ਸੂਰਜ ਬੰਸੀ ਖਤ੍ਰੀ ਸਦਾਵਦੀ ਸੀ, ਰਾਜੇ ਦੇ 8 ਪੁੱਤਰ ਸਨ, ਦੂਜੀ ਪਤਨੀ ਦੇ ਪੁੱਤਰ ਨਾਮ ਛਨਿਛਰ ਸੀ। ਉਹ ਕਾਲੇ ਰੰਗ ਦਾ ਤੇ ਬੜਾ ਦਲਿਦ੍ਰੀ ਸੀ। 17 ਪੁੱਤਰਾਂ ਦੀ ਸ਼ਾਦੀ ਹੋ ਗਈ (ਉਸ ਸਮੇਂ ਸੁਯਬੰਰ ਹੁੰਦੇ ਸਨ) ਇਸ ਦੀ ਨਹੀਂ ਹੋਈ। ਕੋਈ ਵੀ ਪਸੰਦ ਨਹੀਂ ਸੀ ਕਰਦਾ, ਕੁਝ ਸਮੇਂ ਬਾਅਦ ਰਾਜੇ ਦੀ ਮੌਤ ਹੋ ਗਈ ਸੀ। ਉਹ ਸਤੇ ਭਰਾ ਖਾਣ ਪੀਣ ਲਈ ਅੰਨ ਕੱਠਾ ਕਰਦੇ ਅਤੇ ਏਸ ਕਾਲੇ ਰੰਗ ਵਾਲੇ ਛਨੀਛਰ ਨੂੰ ਦੇ ਦਿੰਦੇ ਸਨ।

# ਮੰਗਲਾਚਰਣ ਦੇ ਉਚਾਰਣ ਸਬੰਧੀ ਇਕ ਵੱਡਾ ਭੁਲੇਖਾ

*(ਭਾਈ ਗੁਰਦੀਪ ਸਿੰਘ ਜੀ, ਅੰਮ੍ਰਿਤਸਰ)*

ਮੌਜੂਦਾ ਸਮੇਂ ਵਿੱਚ ਛਾਪੇ ਜਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਵਿਚ ਅਤੇ ਸ਼੍ਰੋਮਣੀ ਕਮੇਟੀ ਸਮੇਤ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਛਾਪੇ ਜਾ ਰਹੇ ਗੁਟਕਿਆਂ ਵਿ'ਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਆਰੰਭ ਵਿ'ਚ ਸਿਰਲੇਖ ਅਤੇ ਮੰਗਲਾਚਰਣ ਇਸ ਤਰਾਂ ਛਾਪੇ ਜਾ ਰਹੇ ਹਨ :- ਗਉੜੀ ਸੁਖਮਨੀ ਮਹਲਾ ੫ ਸਲੋਕ ੧ਓ ਸਤਿਗੁਰਪ੍ਰਸਾਦਿ॥ ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥ ਸਤਿਗੁਰਏ ਨਮਹ॥ ਸ੍ਰੀ ਗੁਰਦੇਵਏ ਨਮਹ॥ ਪਾਠ ਕਰਨ ਵੇਲੇ ਆਮ ਪ੍ਰੇਮੀ ਵੀ ਇਸੇ ਤਰਾਂ ਹੀ ਉਚਾਰਦੇ ਹਨ। ਪ੍ਰੰਤੂ ਵੀਚਾਰਿਆ ਜਾਵੇ ਤਾਂ ਸਲੋਕ ੧ਓ ਸਤਿਗੁਰ ਪ੍ਰਸਾਦਿ ਨਹੀਂ ਹੈ ਜਿਵੇਂ ਕਿ ਅਸੀਂ ਛਪਿਆ ਹੋਇਆ ਉਚਾਰਦੇ ਹਾਂ ਉਹ ਤਾਂ ਆਦਿ ਗੁਰਏ ਨਮਹ॥ ...... ਸ੍ਰੀ ਗੁਰਦੇਵਏ ਨਮਹ॥ ਹੈ। ਇਹ ਛਾਪੇ ਵਾਲਿਆਂ ਨੇ ਇਕ ਬਹੁਤ ਵ'ਡਾ ਭੁਲੇਖਾ ਪਾ ਦਿ'ਤਾ ਹੈ ਜਦ ਕਿ ਸਹੀ ਉਚਾਰਣ ਇੰਞ ਹੈ ;-੧ਓ ਸਤਿਗੁਰ ਪ੍ਰਸਾਦਿ॥ ਗਉੜੀ ਸੁਖਮਨੀ ਮਹਲਾ ੫ ॥ਸਲੋਕ॥ ਆਦਿ ਗੁਰਏ ਨਮਹ॥........

ਪੁਰਾਤਨ ਹੱਥ ਲਿੱਖਤ ਬੀੜਾਂ ਵਿਚ ਉਸ ਵੇਲੇ ਦੀ ਲਿਖਣ ਸ਼ੈਲੀ ਮੁਤਾਬਕ ਜਿਵੇਂ ਅਰਬੀ, ਫਾਰਸੀ, ਉਰਦੂ ਭਾਸ਼ਾ ਸੱਜੇ ਤੋਂ ਖੱਬੇ ਲਿਖੀ ਜਾਂਦੀ ਹੈ ਸਤਿਕਾਰ ਵਜੋਂ ਮੰਗਲਾਚਰਣ ਸੱਜੇ ਹੱਥ ਪਹਿਲਾਂ ਲਿਖੇ ਜਾਂਦੇ ਸਨ ਤੇ ਬਾਅਦ ਵਿੱਚ ਸਿਰਲੇਖ ਖੱਬੇ ਹੱਥ ਬਰਾਬਰ ਜਾਂ ਹੇਠਲੀ ਸਤਰ (ਲਾਈਨ) ਤੋਂ ਸ਼ੁਰੂ ਕੀਤੇ ਜਾਂਦੇ ਸਨ। ਵੈਸੇ ਵੀ ਕੋਈ ਰਚਨਾ ਆਰੰਭ ਕਰਨ ਤੋਂ ਪਹਿਲਾਂ ਰਚਨਾ ਦਾ ਕਰਤਾ ਆਪਣੇ ਇਸ਼ਟ ਤੋਂ ਆਸ਼ੀਰਵਾਦ ਲੈਣ ਲਈ ਉਸ ਦੀ ਆਰਾਧਨਾ ਕਰਦਾ ਹੈ ਤੇ ਫਿਰ ਰਚਨਾ ਆਰੰਭ ਕਰਦਾ ਹੈ ਜਿਸ ਤਰਾਂ ਗੁਰੂ ਸਾਹਿਬ ਜੀ ਨੇ ਸਭ ਤੋਂ ਪਹਿਲਾਂ ਜਪੁ ਜੀ ਸਾਹਿਬ ਦੇ ਆਰੰਭ ਵਿਚ ਮੂ.ਲਮੰਤਰ ਸੰਪੂਰਨ ਮੰਗਲਾਚਰਣ ਦੇ ਰੂਪ ਵਿਚ ਉਚਾਰਿਆ ਹੈ।

ਸੋ ਇਸ ਭੁਲੇਖੇ ਦਾ ਮੁੱਖ ਕਾਰਨ ਇਹ ਹੈ ਕਿ ਸੱਜੇ ਪਾਸੇ ਮੰਗਲਾਚਰਣ ਪਹਿਲਾਂ ਲਿਖੇ ਹੋਣ ਕਾਰਨ ਜਦੋਂ ਲਿਖਾਰੀ ਨੇ ਬਰਾਬਰ ਦੀ ਸਤਰ ਵਿਚ ਖੱਬੇ ਪਾਸੇ ਤੋਂ ਸਿਰਲੇਖ ਲਿਖਣਾ ਸ਼ੁਰੂ ਕੀਤਾ ਤਾਂ ਸਲੋਕ ਲਿਖਣ ਤੋਂ ਬਾਅਦ ਅੱਗੇ ਮੰਗਲਾਚਰਣ ਲਿਖੇ ਹੋਣ ਅਤੇ ਥਾਂ ਨਾ ਹੋਣ ਕਾਰਨ ਉਸ ਨੂੰ ਆਦਿ ਗੁਰਏ ਨਮਹ॥........ਹੇਠਲੀ ਸਤਰ ਵਿਚ ਲਿਖਣਾ ਪਿਆ। ਇਕੱਲਾ ਸ਼ਬਦ ਸਲੋਕ ਉੱਪਰਲੀ ਸਤਰ ਵਿਚ ਰਹਿ ਗਿਆ ਅਤੇ ਅਗਲਾ ਹਿੱਸਾ ਆਦਿ ਗੁਰਏ ਨਮਹ॥......ਹੇਠਲੀ ਸਤਰ ਵਿਚ ਚਲਾ ਗਿਆ ਜਿਸ ਨਾਲ ਇਹ ਭੁਲੇਖਾ ਪੈ ਗਿਆ। ਪੁਰਾਤਨ ਹੱਥ ਲਿੱਖਤ ਬੀੜਾਂ ਵਿਚ ਮੰਗਲਾਚਰਣ ਸੱਜੇ ਪਾਸੇ ਲਿੱਖਿਆ ਜਾਂਦਾ ਸੀ ਅਤੇ ਸਿਰਲੇਖ ਖੱਬੇ ਪਾਸੇ ਬਰਾਬਰ ਜਾਂ ਹੇਠਲੀ ਸਤਰ ਵਿਚ ਲਿਖਿਆ ਜਾਂਦਾ ਸੀ ਪ੍ਰੰਤੂ ਛਾਪੇ ਖਾਨਿਆਂ ਵਲੋਂ ਸਾਰੀ ਬਾਣੀ ਨੂੰ ੧੪੩੦ ਅੰਗਾਂ ਵਿਚ ਛਾਪਣ ਖਾਤਰ ਥਾਂ ਬਚਾਉਣ ਲਈ ਸਿਰਲੇਖਾਂ ਨੂੰ ਮੰਗਲਾਚਰਣ ਵਾਲੀ ਉੱਪਰਲੀ ਸਤਰ ਵਿਚ ਹੀ ਕਰ ਦਿੱਤਾ ਗਿਆ ਹੈ।ਇਹੋ ਜਿਹੀਆਂ ਓਕਾਈਆਂ ਬੀੜ ਵਿਚ ਹੋਰ ਵੀ ਕਈ ਥਾਈਂ ਮਿਲਦੀਆਂ ਹਨ ਜਿਵੇਂ ਕਿ ਕਈ ਰਾਗਾਂ ਦੇ ਆਰੰਭ ਵਿਚ ਸਿਰਲੇਖਾਂ ਨੂੰ ਮੰਗਲਾਚਰਣ ਤੋਂ ਬਾਅਦ ਹੇਠਲੀ ਸਤਰ ਵਿਚ ਲਿਖਣ ਦੀ ਬਜਾਏ ਮੰਗਲਾਚਰਣ ਦੇ ਉਪਰਲੇ ਖੱਬੇ ਖੂੰਜੇ ਵਿਚ ਥਾਂ ਬਚਾਉਣ ਦੀ ਖਾਤਰ ਸਿਰਲੇਖਾਂ ਨੂੰ ਟੁੰਗ ਦਿੱਤਾ ਗਿਆ ਹੈ ਅਤੇ ਇੰਞ ਲੱਗਦਾ ਹੈ ਕਿ ਸਿਰਲੇਖਾਂ ਨੂੰ ਮੰਗਲਾਚਰਣ ਤੋਂ ਪਹਿਲਾਂ ਲਿਖਿਆ ਗਿਆ ਸੀ ਜਦ ਕਿ ਅਸਲੀਅਤ ਇਸ ਤੋਂ ਉਲਟ ਹੈ।ਰਾਗ ਧਨਾਸਰੀ ਵਿਚ ਸਿਰਲੇਖ ਪਹਿਲਾਂ ਲਿਖਿਆ ਲਗਦਾ ਹੈ ਅਤੇ ਮੰਗਲਾਚਰਣ ਬਾਅਦ ਵਿਚ ਜਦਕਿ ਰਾਗ ਬਿਲਾਵਲ ਵਿਚ ਮੰਗਲਾਚਰਣ ਪਹਿਲਾਂ ਲਿਖਿਆ ਅਤੇ ਸਿਰਲੇਖ ਬਾਅਦ ਵਿਚ ਲਿਖਿਆ ਸਪਸ਼ਟ ਹੈ। ਇਸੇ ਤਰ੍ਹਾਂ ਅੰਗ ੧੧੦੫ ਉੱਪਰ ਇਕੋ ਪੰਗਤੀ ਵਿਚ ਕਬੀਰ ਕਾ ਸ਼ਬਦ ਛਾਪ ਕੇ ਨਾਲ ਹੀ ਰਾਗ ਮਾਰੂ ਬਾਣੀ ਨਾਮਦੇਓ ਜੀ ਕੀ ਅਤੇ ਮੰਗਲਾਚਰਣ ਛਾਪ ਕੇ ਥਾਂ

ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ ਜਦਕਿ ਕਬੀਰ ਕਾ ਸ਼ਬਦ ਉੱਪਰਲੀ ਸਤਰ ਵਿਚ ਸੀ। ਉਸ ਤੋਂ ਹੇਠਲੀ ਸਤਰ ਵਿਚ ਸੱਜੇ ਪਾਸੇ ਮੰਗਲਾਚਰਣ ਅਤੇ ਖੱਬੇ ਪਾਸੇ ਬਰਾਬਰ ਦੀ ਸਤਰ ਵਿਚ ਰਾਗ ਮਾਰੂ ਬਾਣੀ ਨਾਮਦੇਉ ਜੀ ਕੀ ਅੰਕਤਿ ਕੀਤਾ ਗਿਆ ਸੀ।

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਇਕ ਖਾਸ ਤਰਤੀਬ ਵਰਤੀ ਹੈ ਜਿਵੇਂ ਕਿ ਸਭ ਤੋਂ ਪਹਿਲਾਂ ਮਹਲੇ ੧ ਦੀ ਬਾਣੀ ਫਿਰ ੨,੩,੪,੫,੯ ਅਤੇ ਉਸ ਤੋਂ ਉਪਰੰਤ ਭਗਤ ਬਾਣੀ ਉਸ ਵਿਚ ਵੀ ਪਹਿਲਾਂ ਭਗਤ ਕਬੀਰ ਜੀ ਫਿਰ ਭਗਤ ਨਾਮਦੇਵ ਜੀ, ਭਗਤ ਰਵੀਦਾਸ ਜੀ ਤੇ ਹੋਰ ਭਗਤ ਆਦਿ। ਇਸੇ ਤਰਾਂ ਪਹਿਲਾਂ ਚਉਪਦੇ/ਦੁਪਦੇ ਫਿਰ ਅਸ਼ਟਪਦੀਆਂ, ਛੰਤ, ਵਾਰਾਂ ਆਦਿਕ। ਤੁਕਾਂ/ਪਦੇ/ਸ਼ਬਦਾਂ/ਅਸ਼ਟਪਦੀਆਂ/ਛੰਤਾਂ/ਵਾਰਾਂ ਦੇ ਸਲੋਕਾਂ/ਪਉੜੀਆਂ ਦੀ ਗਿਣਤੀ ਵਾਸਤੇ ਅੰਕ ਵਿਧਾਨ ਇਕ ਬੱਝਵੇਂ ਨਿਯਮਾਂ ਅਨੁਸਾਰ ਅੰਕਿਤ ਕੀਤੇ ਗਏ ਹਨ। ਕਿਤੇ ਵੀ ਇਸ ਖਾਸ ਤਰਤੀਬ ਨੂੰ ਨਹੀਂ ਬਦਲਿਆ ਗਿਆ। ਇਸੇ ਤਰਾਂ ਮੰਗਲਾਚਰਣ (ਮੂਲ ਮੰਤਰ) ਸੰਪੂਰਨ ਜਾਂ ਸੰਖੇਪ ਰੂਪ ਵਿਚ ਸਿਰਲੇਖਾਂ ਤੋਂ ਪਹਿਲਾਂ ਖਾਸ ਤਰਤੀਬ ਵਰਤ ਕੇ ਬੀੜ ਦੀ ਸੰਪਾਦਨਾ ਵੇਲੇ ਲਿਖਵਾਏ ਹਨ। ਜਿਥੇ ਕਿਤੇ ਵੀ ਕਿਸੇ ਗੁਰੂ ਸਾਹਿਬਾਨ ਜਾਂ ਭਗਤਾਂ/ਭੱਟਾਂ/ਗੁਰਸਿਖਾਂ ਦੀ ਬਾਣੀ ਦਾ ਨਵਾਂ ਰਾਗ ਜਾਂ ਸਿਰਲੇਖਾਂ ਮੁਤਾਬਕ ਨਵਾਂ ਸੰਗ੍ਰਹਿ ਜਾਂ ਘਰ ਸ਼ੁਰੂ ਹੁੰਦਾ ਹੈ ਉਥੇ ਛੋਟੇ/ਵੱਡੇ ਰੂਪ ਵਿਚ ਮੰਗਲਾਚਰਣ ਪਹਿਲਾਂ ਅਤੇ ਫਿਰ ਸਿਰਲੇਖ ਦਾ ਵਰਣਨ ਕੀਤਾ ਗਿਆ ਹੈ। ਹਰ ਨਵੇਂ ਰਾਗ/ਘਰ ਦੇ ਆਰੰਭ ਵਿਚ ਮੰਗਲਾਚਰਣ ਇਕੋ ਵਾਰੀ ਹੀ ਲਿਖਵਾਇਆ ਹੈ ਉਸ ਤੋਂ ਬਾਅਦ ਆਏ ਸ਼ਬਦਾਂ ਦਾ ਆਰੰਭ ਕੇਵਲ ਸਿਰਲੇਖ ਨਾਲ ਹੀ ਕੀਤਾ ਗਿਆ ਹੈ ਪ੍ਰੰਤੂ ਮੰਗਲਾਚਰਣਾਂ ਨੂੰ ਦੁਬਾਰਾ ਨਹੀਂ ਦੁਹਰਾਇਆ ਗਿਆ। ਇਸ ਤੋਂ ਸਾਫ ਸਪਸ਼ਟ ਹੈ ਕਿ ਮੰਗਲਾਚਰਣਾਂ ਨੂੰ ਸਿਰਲੇਖਾਂ ਤੋਂ ਪ੍ਰਮੁੱਖ (ਉੱਪਰ) ਰੱਖਿਆ ਗਿਆ ਹੈ, ਜਿਸ ਦੇ ਸ਼੍ਰੋਮਣੀ ਕਮੇਟੀ ਨੇ ਤਿੰਨ ਟ੍ਰੈਕਟ ਛਾਪ ਕੇ ਸਬੂਤ ਦਿੱਤੇ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਾਰੇ ਵਾਕਫੀਅਤ, ਮੰਗਲਾਚਰਣ ਤੇ ਸਿਰਲੇਖਾਂ ਦੀ ਤਰਤੀਬ ਬਾਰੇ ਸ਼੍ਰੋਮਣੀ ਕਮੇਟੀ ਵਲੋਂ ਨੀਯਤ ਵਿਦਵਾਨਾਂ ਦਾਂ ਸਰਬ ਸੰਮਤ ਫੈਸਲਾ ਅਤੇ ਮੰਗਲਾਚਰਣਾਂ ਦੀ ਤਰਤੀਬ ਸਬੰਧੀ ਵੀਚਾਰ ਪੱਤਰ ਆਦਿ ਸ਼ਾਮਿਲ ਹਨ। ਇਸ ਤੋਂ ਇਲਾਵਾ ੯੬ ਕਰੋੜੀ ਬੁੱਢਾ ਦਲ ਨਿਹੰਗ ਸਿੰਘ ਜਥੇਬੰਦੀ ਪਟਿਆਲਾ ਵਲੋਂ ਛਪੇ ਖਾਲਸਾ ਗੁਰਮਤਿ ਖੋਜ ਪ੍ਰਕਾਸ਼ ਟ੍ਰੈਕਟ ਅਤੇ ਪ੍ਰਿੰਸੀਪਲ ਹਰਭਜਨ ਸਿੰਘ ਜੀ ਵਲੋਂ ਰਚਿੱਤ ਗੁਰਬਾਣੀ ਸੰਪਾਦਨ ਨਿਰਣੈ ਪੁਸਤਕ ਵਿਚ ਪੂਰੀ ਤਰਾਂ ਦਿੱਤੀ ਖੋਲ ਕੇ ਜਾਣਕਾਰੀ ਤੋਂ ਸਹਾਇਤਾ ਲਈ ਜਾ ਸਕਦੀ ਹੈ।

੧੯੫੨ ਵਿਚ ਸਭ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵਲੋਂ ਜੋ ਬੀੜ (ਲੜੀਦਾਰ ਸਰੂਪ/ਜੁੜਤ ਅੱਖਰ) ਛਾਪੀ ਗਈ ਸੀ ਉਸ ਵਿਚ ਮੰਗਲਾਚਰਣਾਂ/ਸਿਰਲੇਖਾਂ ਦੀ ਤਰਤੀਬ ਇਕ ਹੀ ਰੱਖੀ ਗਈ ਸੀ ਜਿਸ ਵਿਚ ਮੰਗਲਾਚਰਣ ਪਹਿਲਾਂ ਭਾਵ ਉੱਪਰ ਅਤੇ ਸਿਰਲੇਖ ਬਾਅਦ ਵਿਚ ਭਾਵ ਹੇਠਾਂ ਹਨ। ਇਸ ਬੀੜ ਦੇ ਕਈ ਸਰੂਪ ਅਜੇ ਵੀ ਕਈ ਗੁਰਸਿੱਖਾਂ ਦੇ ਘਰਾਂ ਵਿਚ ਮੌਜੂਦ ਹਨ। ਸ਼੍ਰੋਮਣੀ ਕਮੇਟੀ ਵਲੋਂ ਆਪਣੇ ਹੀ ਵਿਦਵਾਨਾਂ ਵਲੋਂ ਕੀਤੇ ਸਰਬ ਸੰਮਤ ਫੈਸਲੇ ਦੇ ਉੱਲਟ ਵੋਟ ਰਾਜਨੀਤੀ ਅਧੀਨ ਬਾਅਦ ਵਿਚ ਛਾਪੀਆਂ ਗਈਆਂ ਬੀੜਾਂ ਵਿਚ ਇਹ ਤਰਤੀਬ ਬਦਲ ਦਿੱਤੀ ਗਈ ਹੈ ਜਿਸ ਵਿਚ ਮੰਗਲਾਚਰਣ ਕਿਤੇ ਪਹਿਲਾਂ ਅਤੇ ਕਿਤੇ ਬਾਅਦ ਵਿਚ ਹਨ ਜੋ ਕਿ ਗੁਰੂ ਸਾਹਿਬ ਵਲੋਂ ਬੱਧੀ ਖਾਸ ਤਰਤੀਬ ਦੀ ਘੋਰ ਉਲੰਘਣਾ ਕੀਤੀ ਗਈ ਹੈ। ਬੀੜਾਂ ਲਿਖਣ ਵੇਲੇ ਆਮ ਲਿਖਾਰੀਆਂ ਵਲੋਂ ਜਿਸ ਵੇਲੇ ਮੰਗਲਾਚਰਣ ਲਿਖਣਾ ਹੁੰਦਾ ਸੀ ਤਾਂ ਪੱਤਰੇ ਜਾਂ ਅੰਗ ਨੂੰ ਦੋ ਹਿੱਸਿਆਂ ਵਿਚ ਵੰਡ ਲਿਆ ਜਾਂਦਾ ਸੀ।

ਜੇ ਮੰਗਲਾਚਰਣ ਸਪੂੰਰਣ ਲਿਖਣਾ ਹੋਵੇ ਤਾਂ ਦੋ ਜਾਂ ਤਿੰਨ ਪੰਗਤੀਆਂ ਵਿਚ ਅਤੇ ਜੇ ਸੰਖੇਪ ਲਿਖਣਾ ਹੋਵੇ ਤਾਂ ਇਕ ਪੰਗਤੀ ਵਿਚ ਸੱਜੇ ਹੱਥ ਪੱਤਰੇ ਦੇ ਪਿਛਲੇ ਅੱਧੇ ਹਿੱਸੇ ਵਿਚ ਲਿਖਿਆ ਜਾਂਦਾ ਸੀ। ਇਸੇ ਤਰਾਂ ਸਿਰਲੇਖ ਜੇ ਛੋਟਾ ਹੋਵੇ ਤਾਂ ਪੱਤਰੇ ਦੇ ਖੱਬੇ ਹੱਥ ਪਹਿਲੇ ਅੱਧ ਵਿਚ ਇਕ ਪੰਗਤੀ ਵਿਚ ਅਤੇ ਜੇ ਵੱਡਾ ਹੋਵੇ ਤਾਂ ਦੋ ਪੰਗਤੀਆਂ ਵਿਚ ਹੇਠਾ ਉੱਪਰ ਕਿਉਂਕਿ ਸੱਜੇ ਹੱਥ ਮੰਗਲਾਚਰਣ ਪਹਿਲਾਂ ਹੀ ਲਿਖਿਆ ਹੋਇਆ ਹੁੰਦਾ ਸੀ ਜਿਸ ਤਰਾਂ ਇਸ ਲੇਖ ਦੇ ਸ਼ੁਰੂ ਵਿਚ ਦਿਤੀ ਉਦਾਹਰਣ ਵਿਚ ਲਿਖਾਰੀ ਵਲੋਂ ਸੱਜੇ ਪਾਸੇ ਅੱਧ ਵਿਚ ਪਹਿਲਾਂ ਹੀ ਮੰਗਲਾਚਰਣ ਲਿਖਿਆ ਹੋਣ ਕਾਰਨ ਅਤੇ ਸਿਰਲੇਖ ਵੱਡਾ ਹੋਣ ਕਾਰਨ ਉਸ ਨੂੰ ਦੋ ਹਿੱਸਿਆਂ ਵਿਚ ਵੰਡਣਾ ਪਿਆ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਹੱਥ ਲਿਖਤ ਬੀੜਾਂ ਵਿਚੋਂ ਮਿਲ ਸਕਦੀਆਂ ਹਨ। ਕਰਤਾਰਪੁਰੀ ਬੀੜ ਜਿਸ ਨੂੰ ਆਧਾਰ ਮੰਨ ਕੇ ਮੌਜੂਦਾ ਬੀੜਾਂ ਵਿਚ ਮੰਗਲਾਚਰਣਾਂ/ਸਿਰਲੇਖਾਂ ਦੀ ਤਰਤੀਬ ਅੱਗੇ ਪਿੱਛੇ ਕੀਤੀ ਹੋਈ ਹੈ ਬਾਰੇ ਆਮ ਵਿਦਵਾਨਾਂ ਦੀ ਰਾਏ ਹੈ ਕਿ ਇਹ ਅਸਲੀ ਪੋਥੀ ਸਾਹਿਬ ਦਾ ਉਤਾਰਾ ਹੈ ਅਤੇ ਇਸ ਨੂੰ ਪ੍ਰਮਾਣਿਤ ਨਹੀਂ ਮੰਨਿਆ ਜਾ ਸਕਦਾ।

ਇਸ ਸਬੰਧੀ ੨੦੦੪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਦੀ ਚੌਥੀ ਸ਼ਤਾਬਦੀ ਸਮੇਂ ਗਿਆਨੀ ਮਹਿੰਦਰ ਸਿੰਘ ਜੀ ਸਾਬਕਾ ਸਕੱਤਰ ਸ਼੍ਰੋਮਣੀ ਗੁ; ਪ੍ਰ; ਕਮੇਟੀ ਵਲੋਂ ਉਪਰੋਕਤ ਟ੍ਰੈਕਟਾਂ ਵਿਚੋਂ ਮੰਗਲਾਚਰਣ ਤੇ ਸਿਰਲੇਖਾਂ ਦੀ ਤਰਤੀਬ ਬਾਰੇ ਨੀਯਤ ਵਿਦਵਾਨਾਂ ਦਾ ਸਰਬ

ਸੰਮਤ ਵਾਲਾ ਟ੍ਰੈਕਟ ਸੰਗਤਾਂ ਦੇ ਗਿਆਤ ਹਿੱਤ ਛਪਵਾਇਆ ਗਿਆ ਸੀ ਤਾਂ ਕਿ ਸੰਗਤਾਂ ਇਸ ਮਸਲੇ ਸਬੰਧੀ ਵਿਚਾਰ ਕਰ ਸਕਣ। ਇਸ ਲਈ ਪੰਥਕ ਵਿਦਵਾਨਾਂ, ਪੰਥਕ ਦਰਦੀਆਂ, ਸ਼੍ਰੋਮਣੀ ਕਮੇਟੀ ਤੇ ਕੌਮ ਦੇ ਮੁਹਾਣਿਆਂ ਦੇ ਚਰਨਾਂ ਵਿਚ ਜੋਦੜੀ ਹੈ ਕਿ ਗੁਰੂ ਸਾਹਿਬ ਵਲੋਂ ਮੰਗਲਾਚਰਣਾਂ/ ਸਿਰਲੇਖਾਂ ਦੀ ਬੱਧੀ ਖਾਸ ਤਰਤੀਬ ਨੂੰ ਕਾਇਮ ਰੱਖਣ ਲਈ ਪੰਥਕ ਪੱਧਰ ਤੇ ਫੈਸਲਾ ਕਰਕੇ ਮੰਗਲਾਚਰਣਾਂ/ਸਿਰਲੇਖਾਂ ਦੀ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੋ ਹੀ ਤਰਤੀਬ ਰੱਖੀ ਜਾਵੇ ਭਾਵ ਮੰਗਲਾਚਰਣਾਂ ਨੂੰ ਸਿਰਲੇਖਾਂ ਤੋਂ ਪਹਿਲਾਂ/ ਉੱਪਰ ਛਾਪਿਆ ਜਾਵੇ।

ਸੰਨ ੧੯੫੪ ਵਿਚ ਨਿਹੰਗ ਸਿੰਘ ਬੁੱਢਾ ਦਲ ਦੇ ਜਥੇਦਾਰ ਬਿਰੱਕਤ ਪੂਰਨ ਸਿੰਘ ਜੀ ਵਲੋਂ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਪੱਤਰ –

ਸ੍ਰੀ ਮਾਨ ਜੀ,

ਸਾਨੂੰ ਪਤਾ ਲੱਗਾ ਹੈ ਕਿ ਚੀਫ ਖਾਲਸਾ ਦੀਵਾਨ ਅਤੇ ਦੁਕਾਨਦਾਰ ਸੱਜਣ, ਸ਼੍ਰੋ; ਗੁ; ਪ੍ਰ ਕਮੇਟੀ ਵਲੋਂ ਛਾਪੀ ਬੀੜ ਵਿਚ ਅਦਲਾ ਬਦਲੀ ਕਰਨੀ ਚਾਹੁੰਦੇ ਹਨ। ਇਸ ਦੇ ਸਬੰਧ ਵਿਚ ਮੇਰੀ ਅਤੇ ਬੁੱਢਾ ਦਲ ਚਲਦਾ ਵਹੀਰ ਨਿਹੰਗ ਸਿੰਘਾਂ ਦੀ ਖਾਸ ਤੌਰ ਤੇ ਇਹ ਰਾਇ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਮੰਗਲਾਚਰਣਾਂ ਵਿਚ ਤਬਦੀਲੀ ਨਹੀਂ ਕਰਨੀ ਚਾਹੀਦੀ ਅਤੇ ਉਸ ਫੈਸਲੇ ਤੇ ਕਾਇਮ ਰਹਿਣਾ ਚਾਹੀਦਾ ਹੈ ਜੋ ੩੦ ਮਈ ੧੯੫੪ ਨੂੰ ਕਰਤਾਰਪੁਰ ਸਾਹਿਬ ਹੋਇਆ ਸੀ।

ਫਿਲਹਾਲ ਝਗੜੇ ਨੂੰ ਨਿਪਟਾਉਣ ਦੀ ਖਾਤਰ ਮੈਂ ੨੪/ ੪/੫੫ ਦੇ ਮਤੇ ਦੀ ਵੀ ਪ੍ਰੋੜਤਾ ਕਰਦਾ ਹਾਂ ਪਰ ਜੇ ਸ਼੍ਰੋਮਣੀ ਕਮੇਟੀ ਮੰਗਲਾਚਰਣ ਬਦਲਣ ਦੇ ਹੱਕ ਵਿਚ ਹੋ ਵੀ ਜਾਵੇ ਤਾਂ ਭੀ ਸਾਡੀ ਰਾਇ ਸਪਸ਼ਟ ਇਹੀ ਰਹੇਗੀ ਕਿ "੧ਓ ਸਤਿਗੁਰ ਪ੍ਰਸਾਦਿ ਪਹਿਲੇ ਹੋਣਾ ਚਾਹੀਦਾ ਹੈ ਕਿਉਂਕਿ ਸ੍ਰੀ ਦਸਮ ਗ੍ਰੰਥ ਵਿਚ ਵੀ ੧ਓ ਵਾਹਿਗੁਰੂ ਜੀ ਕੀ ਫਤਿਹ॥ ਵਾਰ ਸ੍ਰੀ ਭਗਉਤੀ ਜੀ ਕੀ, ਪਾਤਸ਼ਾਹੀ ੧੦ ਜਾਂ ੧ਓ ਸਤਿਗੁਰ ਪ੍ਰਸਾਦਿ॥ ਪਹਿਲਾਂ ਹੀ ਲਿਖਿਆ ਹੈ।

ਪੁਰਾਤਨ ਸਮੇਂ ਵਿਚ ਵੀ ਗੁਰਦੁਆਰਾ ਸਾਹਿਬਾਨ ਅਤੇ ਨਿਹੰਗ ਜਥੇਬੰਦੀਆਂ ਦੀਆਂ ਛੌਣੀਆਂ ਵਿਚ ਉਹੀ ਹਸਤ ਲਿਖਤ ਬੀੜਾਂ ਪ੍ਰਕਾਸ਼ ਹੁੰਦੀਆਂ ਸਨ ਜਿਨ੍ਹਾਂ ਦੇ ਮੰਗਲਾਚਰਣ ਪਹਿਲੋਂ ਸਨ। ਛਾਪੇ ਦੀਆਂ ਬੀੜਾਂ ਦਾ ਉਪਰੋਕਤ ਅਸਥਾਨਾਂ ਤੇ ਇਸ ਲਈ ਪ੍ਰਕਾਸ਼ ਨਹੀਂ ਕੀਤਾ ਜਾਂਦਾ ਸੀ ਕਿ ਉਨ੍ਹਾਂ ਦੇ ਮੰਗਲਾਚਰਣ ਗਲਤ ਸਨ ਭਾਵ ਅੱਗੇ ਪਿੱਛੇ ਸਨ।

*ਆਪ ਦਾ ਹਿਤੂ (ਸਹੀ)*

*ਜਥੇਦਾਰ ਬਿਰੱਕਤ ਪੂਰਨ ਸਿੰਘ ਨਿਹੰਗ ਸਿੰਘ*
*ਬੁਢਾ ਦਲ ਪਟਿਆਲਾ*

ਧਾਰਮਿਕ ਸਲਾਹਕਾਰ ਕਮੇਟੀ ਦੀ ੭-੧-੧੯੪੫ ਦੀ ਮੀਟਿੰਗ ਦੇ ਮਤਾ ਨੰਬਰ ੫ ਵਿਚ ਪਾਠਾਂ ਦੇ ਭੋਗ ਨੂੰ ਮੁੰਦਾਵਣੀ ਉੱਤੇ ਹੀ ਪਾਉਣ ਦੀ ਗਲ ਦੁਹਰਾਈ ਸੀ ਅਤੇ ਸਪਸ਼ਟ ਹਿਦਾਇਤ ਦਿੱਤੀ ਸੀ ਕਿ ਰਾਗਮਾਲਾ ਨਹੀ ਪੜਨੀ ਚਾਹੀਦੀ ਪ੍ਰੰਤੂ ਥੋੜੇ ਹੀ ਸਮੇ ਬਾਅਦ ੨੬ ਅਕਤੂਬਰ ੧੯੪੫ ਨੂੰ ਸਿਆਸੀ ਮਸਲਹਤਾਂ ਕਾਰਨ ਇਸ ਫੈਸਲੇ ਨੂੰ ਬਦਲ ਕੇ ਸਟੇਟਸ ਕੋ ਰੱਖਣ ਦਾ ਫੈਸਲਾ ਕਰ ਦਿੱਤਾ ਗਿਆ। ਜਿਸ ਤਰਾਂ ਇਸ ਸਟੇਟਸ ਕੋ ਦੇ ਫੈਸਲੇ ਅਧੀਨ ਰਾਗਮਾਲਾ ਸਾਰੀਆਂ ਬੀੜਾਂ ਵਿਚ ਛਪੀ ਹੋਣ ਦੇ ਬਾਵਜੂਦ ਅਖੰਡ ਕੀਰਤਨੀ ਜੱਥਾ ਅਤੇ ਹੋਰ ਸੰਸਥਾਵਾਂ ਵਲੋਂ ਰਾਗਮਾਲਾ ਨਹੀਂ ਪੜ੍ਹੀ ਜਾਂਦੀ ਇਸੇ ਤਰਾਂ ਗੁਰਬਾਣੀ ਦਾ ਪਾਠ ਕਰਨ ਵੇਲੇ (ਬੇਸ਼ੱਕ ਮੌਜੂਦਾ ਸਰੂਪਾਂ/ਗੁਟਕਿਆਂ ਵਿਚ ਮੰਗਲਾਚਰਣਾਂ/ਸਿਰਲੇਖਾਂ ਦੀ ਤਰਤੀਬ ਅੱਗੇ ਪਿਛੇ ਕੀਤੀ ਹੋਈ ਹੈ) ਮੰਗਲਾਚਰਣ ਪਹਿਲਾਂ ਉਚਾਰ ਕੇ ਫਿਰ ਸਿਰਲੇਖ ਦਾ ਉਚਾਰਨ ਕਰਨਾ ਯੋਗ ਹੈ। ਗੁਰੂ ਸਾਹਿਬ ਜੀ ਸਾਨੂੰ ਸਭ ਨੂੰ ਸੁਮੱਤ ਬਖਸ਼ਣ। ਭੁੱਲਾਂ ਚੁੱਕਾਂ ਲਈ ਖਿਮਾ।


## ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ

ਗੁਰਦੁਆਰਾ ਜਪ ਸਾਹਿਬ, ਪਿੰਡ ਡਾਲੋ ਮਾਜਰਾ, ਜਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਮਿਤੀ 27.11.2021 ਨੂੰ ਅੰਮ੍ਰਿਤ ਵੇਲੇ 5.00 ਵਜੇ ਤੋਂ ਦੁਪਹਿਰ 1.00 ਵਜੇ ਤੱਕ ਹੋ ਰਹੇ ਹਨ। ਇਹ ਸਮਾਗਮ ਅਸਾਡੇ ਬਹੁਤ ਹੀ ਸਨਮਾਨਯੋਗ ਗੁਰੂ ਪਿਆਰੇ ਭਾਈ ਪ੍ਰੀਤਮ ਸਿੰਘ ਜੀ (ਚਾਚਾ ਜੀ) ਅਤੇ ਸਹਿਤ ਪਰਿਵਾਰ ਵਲੋਂ ਰਚਾਏ ਗਏ ਹਨ। ਆਏ ਦੀਦਾਰੇ ਬਖਸ਼ੋ ਜੀ।

**ਦਾਸਰੇ – ਪ੍ਰੀਤਮ ਸਿੰਘ ਜੀ, ਪਿੰਡ ਡਾਲੋ ਮਾਜਰਾ, ਸ੍ਰੀ ਫਤਿਹਗੜ੍ਹ ਸਾਹਿਬ**

# ਅਖੰਡ ਕੀਰਤਨ ਸਮਾਗਮ



ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

**ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ,** ਸਾਬਕਾ ਮੁੱਖ ਸੰਪਾਦਕ, ਆਤਮ ਰੰਗ ਮੈਗਜ਼ੀਨ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ:), ਚੰਡੀਗੜ੍ਹ ਜੋ ਕਿ ਅਕਾਲ ਪੁਰਖ ਜੀ ਦੇ ਭਾਣੇ ਅਨੁਸਾਰ ਪਿੱਛੇ ਜਿਹੇ ਅਕਾਲ ਚਲਾਨਾ ਕਰ ਗਏ ਸਨ ਉਨ੍ਹਾਂ ਦੀ ਪਹਿਲੀ ਸਾਲਾਨਾ ਮਿੱਠੀ ਤੇ ਨਿੱਘੀ ਯਾਦ ਵਿੱਚ ਪਰਿਵਾਰ ਵਲੋਂ ਮਿਤੀ 09 ਦਸੰਬਰ 2021 ਦਿਨ ਵੀਰਰਵਾਰ ਨੂੰ ਉਨ੍ਹਾਂ ਦੇ ਗ੍ਰਹਿ ਮਕਾਨ ਨੰ: 245, ਸੈਕਟਰ 35-ਏ, ਚੰਡੀਗੜ੍ਹ ਵਿਖੇ ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੇ ਤੋਂ 7 ਵਜੇ ਤੱਕ ਹੋਵੇਗੀ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਜੀ ਅਰੰਭ ਕੀਤੇ ਜਾਣਗੇ ਤੇ ਜਿਨ੍ਹਾਂ ਦੀ ਸਮਾਪਤੀ **ਮਿਤੀ 11 ਦਸੰਬਰ 2021 ਦਿਨ ਸ਼ਨੀਵਾਰ** ਨੂੰ ਹੋਵੇਗੀ ਅਤੇ ਉਨ੍ਹਾਂ ਦੇ ਗ੍ਰਹਿ ਵਿਖੇ ਹੀ ਆਸਾ ਦੀ ਵਾਰ ਦੇ ਕੀਰਤਨ ਸਵੇਰੇ 5 ਵਜੇ ਤੋਂ 7 ਵਜੇ ਤੱਕ ਹੋਣਗੇ। ਬਾਅਦ ਵਿੱਚ **ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਸੈਕਟਰ 34, ਚੰਡੀਗੜ੍ਹ ਵਿਖੇ ਸਵੇਰੇ 9 ਤੋਂ ਦੁਪਿ: 2-30 ਵਜੇ ਤੱਕ ਕੀਤੇ ਜਾਣਗੇ।** ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## ਦਾਸਨ ਦਾਸ :

ਬੀਬੀ ਕੁਲਵੰਤ ਕੌਰ (ਪਤਨੀ)
ਮਨਪ੍ਰੀਤ ਸਿੰਘ (ਸਪੁੱਤਰ) ਅਤੇ ਸਮੂਹ ਪਰਿਵਾਰ
ਮੋ: 7528900045, 9814300245

# ਮਹੀਨਾ ਨਵੰਬਰ 2021 ਦੇ ਅਖੰਡ ਕੀਰਤਨ ਸਮਾਗਮ

**05.11.2021 (ਸ਼ੁੱਕਰਵਾਰ)**

ਭਾਈ ਕੁਲਵਿੰਦਰ ਸਿੰਘ ਜੀ (ਸਪੁੱਤਰ ਭਾਈ ਦਿਲਬਾਗ ਸਿੰਘ ਜੀ ਅਤੇ ਬੀਬੀ ਸਤਨਾਮ ਕੌਰ ਜੀ) ਨੂੰ ਅਕਾਲ ਪੁਰਖ ਵਾਹਿਗੁਰੂ ਜੀ ਵਲੋਂ ਬਖਸ਼ੇ ਨਵੇਂ ਨਿਵਾਸ ਫਲੈਟ ਨੰਬਰ 1-101, Falcon View JLPL, ਸੈਕਟਰ 66-ਏ ਮੋਹਾਲੀ (ਏਅਰ ਪੋਰਟ ਰੋਡ ਤੇ) ਵਿਖੇ ਅਕਾਲ ਪੁਰਖ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਦੇ ਹੋਏ ਅਖੰਡ ਕੀਰਤਨ ਸਮਾਗਮ ਸਵੇਰੇ 6:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਕਰਵਾਏ ਜਾ ਰਹੇ ਹਨ, ਆਪ ਜੀ ਸਭਨਾਂ ਸੰਗਤਾਂ ਨੇ ਸਹਿਤ ਪਰਿਵਾਰ ਦੀਦਾਰ ਬਖਸ਼ਕੇ ਅਸੀਸਾਂ ਬਖਸ਼ਣੀਆਂ ਜੀ ਪਰਿਵਾਰ ਵਲੋਂ ਜੋਦੜੀ ਹੈ ਜੀ।

**06.11.2021 (ਸ਼ਨੀਵਾਰ)**

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਿਆਈ ਦਿਵਸ ਦੇ ਸਬੰਧ ਵਿੱਚ ਅਤੇ**
**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ**

ਗੁਰਦੁਆਰਾ ਗੁਰੂ ਨਾਨਕ ਦਰਬਾਰ ਸੈਕਟਰ 35 ਬੀ, ਚੰਡੀਗੜ੍ਹ ਵਿਖੇ

**ਅਖੰਡ ਕੀਰਤਨ ਸਮਾਗਮ**

**ਮਿਤੀ 06 ਨਵੰਬਰ 2021 ਦਿਨ ਸ਼ਨੀਵਾਰ ਨੂੰ ਸਵੇਰੇ 9:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ**

**ਸ੍ਰੀ ਅਖੰਡ ਪਾਠ ਸਾਹਿਬ**

ਭਾਈ ਨਿਰਵੈਰ ਸਿੰਘ ਜੀ ਦੇ ਨਿਵਾਸ ਫਲੈਟ ਨੰਬਰ 1613, ਸੈਕਟਰ 35-ਬੀ (ਗੁਰਦੁਆਰਾ ਸਾਹਿਬ ਜੀ ਦੇ ਸਾਹਮਣੇ ਵਾਲੇ ਫਲੈਟ) ਵਿਖੇ ਮਿਤੀ 04 ਨਵੰਬਰ 2021 ਦਿਨ ਵੀਰਵਾਰ ਨੂੰ ਆਸਾ ਜੀ ਕੀ ਵਾਰ ਦੇ ਕੀਰਤਨ ਉਪਰੰਤ ਆਰੰਭ ਹੋਣਗੇ ਅਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੰਪੂਰਨਤਾ 06 ਨਵੰਬਰ ਦਿਨ ਸ਼ਨੀਵਾਰ ਨੂੰ ਅੰਮ੍ਰਿਤ ਵੇਲੇ ਹੋਵੇਗੀ ਉਪਰੰਤ ਆਸਾ ਜੀ ਕੀ ਵਾਰ ਦੇ ਕੀਰਤਨ ਹੋਣਗੇ ਅਤੇ ਪੂਰਨ ਸਮਾਪਤੀ 8:00 ਵਜੇ ਹੋਵੇਗੀ ਜੀ।

ਪਰਮ ਸਤਿਕਾਰਯੋਗ ਗੁਰੂ ਪਿਆਰੀ, ਗੁਰੂ ਰੂਪ ਸਾਧ ਸੰਗਤ ਜੀਓ ਆਪ ਜੀ ਨੇ ਦੇ ਪੂਰਨ ਸਹਿਯੋਗ ਨਾਲ ਇਹ ਸਮਾਗਮ ਮਨਾਇਆ ਜਾ ਰਿਹਾ ਹੈ ਆਪ ਜੀ ਨੇ ਪਰਿਵਾਰਾਂ ਸਹਿਤ ਸਮਾਗਮ ਵਿੱਚ ਵੱਧ ਤੋਂ ਵੱਧ ਸੇਵਾਵਾਂ ਕਰਕੇ ਅਤੇ ਹਾਜਰੀਆਂ ਭਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

**13.11.2021 ਤੋਂ 14.11.2021**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਚਰਨ ਛੋਹ ਪ੍ਰਾਪਤ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਬੇਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਹੱਟ ਸਾਹਿਬ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਵਿਖੇ ਦਿਵਸ ਸੁਹੇਲੇ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਰਿਹਾਇਸ ਅਤੇ ਗੁਰੂ ਕਾ ਲੰਗਰ ਦਾ ਪ੍ਰਬੰਧ ਗੁਰਦੁਆਰਾ ਬੇਬੇ ਨਾਨਕੀ ਜੀ ਵਿਖੇ ਹੋਵੇਗਾ ਜੀ।

**17.11.2021 ਤੋਂ 20.11.2021 ਸਵੇਰ ਤੱਕ**

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਗੁਰਪੁਰਬ ਦੇ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ ਲਾਇਲਪੁਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨਕੋਦਰ ਰੋਡ ਜਲੰਧਰ ਵਿਖੇ ਹੋ ਰਹੇ ਹਨ, ਦਿਵਸ ਸੁਹੇਲਾ ਕੀਰਤਨ ਅਤੇ ਕੀਰਤਨ ਰੈਣਿ ਸਬਾਈ ਸ਼ੁੱਕਰਵਾਰ 19 ਨਵੰਬਰ ਨੂੰ ਹੋਣਗੇ ਜੀ।

**21.11.2021 (ਐਤਵਾਰ)**

ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਸ੍ਰੀ ਚਮਕੌਰ ਸਾਹਿਬ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਸਹਿਤ ਸਵੇਰੇ 5:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ ਹੋ ਰਹੇ ਹਨ। ਇਹ ਸਮਾਗਮ ਹਰ ਮਹੀਨੇ ਦੇ ਤੀਸਰੇ ਐਤਵਾਰ ਨੂੰ ਚਮਕੌਰ ਦੀ ਗੜ੍ਹੀ ਦੇ ਲਾਸਾਨੀ ਮਹਾਨ ਸ਼ਹੀਦਾਂ ਦੀ ਪਵਿੱਤਰ ਯਾਦ ਵਿੱਚ ਹੁੰਦੇ ਹਨ ਜੀ। ਆਓ ਜੀ, ਆਪਾਂ ਸਾਰੇ ਸਮੂਹ ਪਰਿਵਾਰਾਂ ਸਹਿਤ ਮਹਾਨ ਸ਼ਹੀਦੀ ਅਸਥਾਨ ਵਿਖੇ ਪਹੁੰਚ ਕੇ ਪਵਿੱਤਰ ਗੁਰਬਾਣੀ ਦੇ ਲਾਹੇ ਪ੍ਰਾਪਤ ਕਰਕੇ ਆਪਣਾ ਜਨਮ ਸਫ਼ਲਾ ਕਰੀਏ ਜੀ।

**28.11.2021 (ਐਤਵਾਰ)**

ਗੁਰਦੁਆਰਾ ਸ੍ਰੀ ਹਰਿਗੋਬਿੰਦ ਸਾਹਿਬ ਸੈਕਟਰ 30ਬੀ, ਚੰਡੀਗੜ੍ਹ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਆਸਾ ਜੀ ਕੀ ਵਾਰ ਦੇ ਕੀਰਤਨ ਸਹਿਤ ਸਵੇਰੇ 5:15 ਵਜੇ ਤੋਂ ਦੁਪਹਿਰ 12:30 ਵਜੇ ਤੱਕ ਹੋ ਰਹੇ ਹਨ। ਇਹ ਸਮਾਗਮ ਗੁਰੂ ਘਰ ਦੀ ਅਨਿਨ ਸੇਵਕ ਬੀਬੀ ਅਸ਼ੋਕ ਜੇਤਲੀ ਵਲੋਂ ਅਕਾਲ ਪੁਰਖ ਵਾਹਿਗੁਰੂ ਜੀ ਦਾ ਕੋਟਾਨ ਕੋਟ ਸ਼ੁਕਰਾਨਾ ਅਤੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪਵਿੱਤਰ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਕਰਦੇ ਹੋਏ ਕਰਵਾਏ ਜਾ ਰਹੇ ਹਨ ਆਪ ਜੀ ਸਮੂਹ ਸਾਧ ਸੰਗਤ ਜੀ ਦੇ ਪਵਿੱਤਰ ਚਰਨਾਂ ਵਿੱਚ ਬਿਨੈ ਜੋਦੜੀ ਹੈ ਕਿ ਆਪ ਜੀ ਸਭਨਾਂ ਨੇ ਪਰਿਵਾਰਾਂ ਸਹਿਤ ਦੀਦਾਰ ਬਖਸ਼ ਕੇ ਗੁਰਬਾਣੀ ਦੇ ਲਾਹੇ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

**ਪ੍ਰੋਗਰਾਮਾਂ ਦੀ ਬੁਕਿੰਗ ਅਤੇ ਹੋਰ ਜਾਣਕਾਰੀ ਲਈ ਸੰਪਰਕ ਹਿੱਤ:**

**9988381739 98726-33388 9316023874 9464267956 9888951166**

**ਪ੍ਰਾਰਥਕ : ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ**




## ਸਲਾਨਾ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਪੰਜ ਤੀਰਥ ਪਾਤਸ਼ਾਹੀ ਛੇਵੀਂ ਪਿੰਡ ਲੜੋਆ ਵਿਖੇ

ਸਲਾਨਾ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਪੰਜ ਤੀਰਥ ਪਾਤਸ਼ਾਹੀ ਛੇਵੀਂ ਪਿੰਡ ਲੜੋਆ ਵਿਖੇ ਰੈਣ ਸਬਾਈ ਕੀਰਤਨ ਸਮਾਗਮ ਮਿਤੀ 3 ਨਵੰਬਰ 2021 ਦਿਨ ਬੁੱਧਵਾਰ ਸ਼ਾਮ 7 ਵਜੇ ਤੋਂ ਸਵੇਰੇ 4 ਵਜੇ ਤਕ ਹੋਣਗੇ।

1 ਨਵੰਬਰ 2021 ਨੂੰ ਦਾਸ ਬਿਕਰਮ ਸਿੰਘ, ਸਪੁੱਤਰ ਸਰਬਜੀਤ ਸਿੰਘ ਦੇ ਗ੍ਰਹਿ ਵਿਖੇ ਪਿੰਡ ਗੜ੍ਹੀ ਅਜੀਤ ਸਿੰਘ ਵਿਖੇ ਸ੍ਰੀ ਅਖੰਡ ਪਾਠ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 3 ਨਵੰਬਰ 2021 ਦਿਨ ਬੁੱਧਵਾਰ ਨੂੰ ਅਤੇ ਦਿਵਸ ਸੁਹੇਲਾ ਸਮਾਗਮ 1 ਵਜੇ ਦੁਪਹਿਰ ਤਕ ਗ੍ਰਹਿ ਵਿਖੇ ਹੋਣਗੇ।

ਸੰਗਤਾਂ ਦੇ ਚਰਨਾਂ ਵਿੱਚ ਦੁਇ ਹਥ ਜੋੜ ਕੇ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿੱਚ ਹਾਜਰੀ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

**ਦਾਸਰੇ - ਬਿਕਰਮ ਸਿੰਘ ਪਿੰਡ ਗੜ੍ਹੀ ਅਜੀਤ ਸਿੰਘ ਅਤੇ ਸਮੂਹ ਅਖੰਡ ਕੀਰਤਨੀ ਜੱਥਾ ਇਲਾਕਾ ਬੰਗਾ, ਫਗਵਾੜਾ, ਨਵਾਂਸ਼ਹਿਰ**

**ਮੋਬਾਇਲ : 92561-13419, 98550-88864, 98762-49681, 98726-49681**




## ਨਾਰੰਗਵਾਲ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਅਸਥਾਨ ਗੁਰਦੁਆਰਾ ਹਵੇਲੀ ਸਾਹਿਬ ਵਿਖੇ ਹਰ ਮਹੀਨੇ ਦੀ 16 ਤਾਰੀਖ ਨੂੰ ਕੀਰਤਨ ਹੋਇਆ ਕਰੇਗਾ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਿਆਰੀ, ਮਿੱਠੀ ਤੇ ਨਿੱਘੀ ਯਾਦ ਵਿੱਚ ਹਰ ਮਹੀਨੇ ਦੀ 16 ਤਾਰੀਖ ਨੂੰ ਗੁਰਦੁਆਰਾ ਹਵੇਲੀ ਸਾਹਿਬ ਭਾਈ ਸਾਹਿਬ ਜੀ ਦੇ ਜਨਮ ਅਸਥਾਨ ਵਿਖੇ ਕੀਰਤਨ ਸ਼ਾਮ ਨੂੰ 6 ਵਜੇ ਤੋਂ ਲੈ ਕੇ 8 ਵਜੇ ਤਕ ਹੋਇਆ ਕਰੇਗਾ। ਸੰਗਤਾਂ ਹੁੰਮ-ਹੁਮਾ ਕੇ ਦਰਸ਼ਨ ਦੀਦਾਰੇ ਬਖਸ਼ਣ ਤੇ ਕੀਰਤਨ ਦੇ ਆਨੰਦ ਲੈਣ ਤੇ ਭਾਈ ਸਾਹਿਬ ਜੀ ਤੋਂ ਅਸੀਸਾਂ, ਬਖਸ਼ੀਸ਼ਾਂ ਲੈ ਕੇ ਅਪਣੀ ਜੀਵਨ ਯਾਤਰਾ ਨੂੰ ਸਫਲਾ ਕਰਨ।

**ਦਾਸਰੇ - ਭਾਈ ਕੁਲਦੀਪ ਸਿੰਘ ਜੀ, ਭਾਈ ਕਰਮਜੀਤ ਸਿੰਘ ਜੀ, ਭਾਈ ਦਲਜੀਤ ਸਿੰਘ ਭੱਟੀ ਤੇ ਸਮੂਹ ਸੰਗਤ, ਆਖੰਡ ਕੀਰਤਨੀ ਜੱਥਾ, ਲੁਧਿਆਣਾ - 98156-11924**

## ਲੁਧਿਆਣਾ ਵਿਖੇ ਦਿਵਸ ਸੁਹੇਲਾ ਕੀਰਤਨ ਸਮਾਗਮ ਮਿਤੀ 28.11.2021

ਭਾਈ ਸਾਹਿਬ ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ ਵਾਲੇ ਬੇਨਤੀ ਕਰਦੇ ਹਨ ਕਿ ਮਿਤੀ 28.11.2021 ਨੂੰ ਇਹ ਦਿਵਸ ਸੁਹੇਲਾ ਸਮਾਗਮ ਸਵੇਰੇ 6 ਵਜੇ ਤੋਂ ਲੈ ਕੇ ਦੁਪਹਿਰ ਤਕ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਜੀ ਭਾਈ ਸਾਹਿਬ ਭਾਈ ਦਰਸ਼ਨ ਸਿੰਘ ਜੀ ਭੱਟੀ ਦੀ ਪਿਆਰੀ ਤੇ ਮਿੱਠੀ ਯਾਦ ਵਿੱਚ ਗੁਰਦੁਆਰਾ ਗੁਰਮਤ ਪ੍ਰਚਾਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਭਾਈ ਸਾਹਿਬ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਹੋ ਰਹੇ ਹਨ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਸਮਾਗਮ ਵਿੱਚ ਹਾਜਰੀਆਂ ਭਰ ਕੇ ਦਾਸ ਨੂੰ ਨਿਵਾਜੋ ਤੇ ਆਪਣਾ ਕੀਮਤੀ ਜੀਵਨ ਸਫਲਾ ਕਰੋ ਜੀ। ਧੰਨਵਾਦ ਸਹਿਤ।

**ਆਪ ਜੀ ਦਾ ਦਾਸਰਾ - ਦਲਜੀਤ ਸਿੰਘ ਭੱਟੀ, ਕੋਠੀ ਨੰ. 179, ਆਈ ਬਲਾਕ, ਸਰਾਭਾ ਨਗਰ, ਲੁਧਿਆਣਾ। ਮੋਬਾਇਲ : 98151-56014**

## ਸ੍ਰੀ ਗੁਰਦਵਾਰਾ ਸਾਹਿਬ ਤਪੋਬਨ ਭਾਈ ਸਾਹਿਬ ਰਣਧੀਰ ਸਿੰਘ ਜੀ ਕੁਮਾਰਹਟੀ, ਜ਼ਿਲ੍ਹਾ ਸੋਲਨ (ਹਿਮਾਚਲ ਪ੍ਰਦੇਸ਼) ਵਿਖੇ ਸੇਵਾ ਦਾ ਅਰੰਭ

ਸ੍ਰੀ ਗੁਰਦਵਾਰਾ ਸਾਹਿਬ ਵਿਖੇ ਲੰਗਰ ਹਾਲ, ਰਿਹਾਇਸ਼ ਅਤੇ ਜਲ ਭੰਡਾਰ ਆਦਿ ਦੀ ਉਸਾਰੀ ਸ਼ੁਰੂ ਹੈ। ਇਸ ਕਾਰਜ ਦੀ ਸੰਪੂਰਨਤਾ ਸੰਗਤ ਦੇ ਭਰਪੂਰ ਸਹਿਯੋਗ ਨਾਲ ਹੀ ਸੰਭਵ ਹੈ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਸੇਵਾ ਕੁੰਭ ਵਿਚ ਮਾਇਆ ਤੇ ਦਸਵੰਧ ਦਾ ਯੋਗਦਾਨ ਪਾਇਆ ਜਾਵੇ। ਇਸ ਕਾਰਜ ਲਈ ਸੇਵਾ, ਬੈਂਕ ਰਾਹੀਂ, ਚੈਕ ਜਾਂ ਡਰਾਫਟ ਰਾਹੀਂ ਭੇਜ ਸਕਦੇ ਹੋ।

**ਬੈਂਕ ਰਾਹੀਂ –**

Beneficiary Name : Gurdwara Tapoban Bhai Sahib Bhai Randhir Singh Trust
Account No. : 05160100005331
IFSC Code : UCBA0000516 (used for RTGS, IMPS and NEFT transactions)
Beneficiary Bank Name & Address : UCO Bank, Kumarhati, Distt. Solan (HP) India

ਚੈਕ ਜਾਂ ਡਰਾਫਟ Gurdwara Tapoban Bhai Sahib Bhai Randhir Singh Trust ਦੇ ਨਾਮ ਦਾ ਸਿਰਫ਼ ਖਾਤੇ ਵਿਚ ਜਮ੍ਹਾਂ ਹੋਣ ਯੋਗ (A/c Payee) ਇਸ ਪਤੇ ਤੇ ਭੇਜ ਸਕਦੇ ਹੋ President, Shri Gurdwara Sahib Tapoban Bhai Randhir Singh Ji, Kumarhati, Distt. Solan - 173229 (HP) India

**ਸੰਪਰਕ –** ਭਾਈ ਹਰਿੰਦਰ ਸਿੰਘ +91 98161 35173, ਭਾਈ ਮਨਪ੍ਰੀਤ ਸਿੰਘ +91 98143 00245, ਭਾਈ ਬਲਬੀਰ ਸਿੰਘ +91 97360 92352, ਭਾਈ ਦਲਵਿੰਦਰ ਸਿੰਘ +91 98762 61993, +1 669 203 7647

## Statement of Income & Expenditure for the Month of Oct. 2021 of *Atam Rang*

| | |
|---|---|
| 1. M/s Jai Offset Printers | 15,000.00 |
| 2. Cost of Service Stamps | 13,000.00 |
| 3. Cost of envelops & printing | 13,000.00 |
| 4. Cost of Stickers | 2,200.00 |
| 5. Previous balance | 1,09,662.00 |
| **Total Expenditure upto 31.10.2021** | **1,52,862.00** |
| Donation | 33,000.00 |
| **Total Income** | **33,000.00** |
| **Expenditure** | **1,52,862.00** |
| **Income** | **33,000.00** |
| **Difference** | **1,19,862.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 16 ਨਵੰਬਰ |
| ਪੂਰਨਮਾਸ਼ੀ | 19 ਨਵੰਬਰ |
| ਮੱਸਿਆ | 4 ਨਵੰਬਰ |
| ਪੰਚਮੀ | 9 ਨਵੰਬਰ |
| **ਗੁਰਪੁਰਬ** | |
| ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਨੰਦੇੜ) | 6 ਨਵੰਬਰ |
| ਜੋਤੀ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 9 ਨਵੰਬਰ |
| ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ | 19 ਨਵੰਬਰ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

# ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਗੁਰਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

# ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਨ੍ਹਾਂ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਆਪਣੀ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

# ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*




## ਸਹਾਇਤਾ ਆਤਮ ਰੰਗ ਅਕਤੂਬਰ 2021 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ | 10,000.00 |
| ◆ ਸ਼ਾਮ ਫੈਸ਼ਨ ਮਾਲ, ਚੰਡੀਗੜ੍ਹ | 5,000.00 |
| ◆ ਪੰਜਾਬ ਡਿਜੀਟਲ ਲਾਇਬ੍ਰੇਰੀ, ਚੰਡੀਗੜ੍ਹ | 5,000.00 |
| ◆ ਭਾਈ ਸਾਹਿਬ ਭਾਈ ਰਤਨ ਸਿੰਘ ਜੀ, ਲੁਧਿਆਣਾ | 10,000.00 |
| ◆ ਭਾਈ ਗੁਰਬਚਨ ਸਿੰਘ ਜੀ, ਚੰਡੀਗੜ੍ਹ | 3,000.00 |
| **ਕੁਲ ਜੋੜ** | **33,000.00** |





*(ਪੰਨਾ 6 ਦੀ ਬਾਕੀ)*

ਤੋਂ 1572 (ਸੰਨ 1497 ਤੋਂ 1508)

- ਦੂਜੀ ਦੱਖਣ ਦੀ, ਸੰਮਤ 1567 ਤੋਂ 1572 (ਸੰਨ 1510 ਤੋਂ 1515)।
- ਤੀਜੀ ਉੱਤਰ ਦੀ, ਸੰਮਤ 1573 ਤੋਂ 1575 (ਸੰਨ 1516 ਤੋਂ 1518)
- ਚੌਥੀ ਪੱਛਮ ਦੀ, ਸੰਮਤ 1575 ਤੋਂ 1579 (ਸੰਨ 1518 ਤੋਂ 1522)

**ਅਸਥਾਨ ਵਸਾਇਆ** - ਸ੍ਰੀ ਕਰਤਾਰਪੁਰ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ), ਪਹਿਲੀ ਉਦਾਸੀ ਮਗਰੋਂ।

**ਗੁਰਿਆਈ** - ਧੁਰੋਂ।

**ਜੋਤੀ ਜੋਤਿ** - ਅੱਸੂ ਵਦੀ 10, 7 ਅੱਸੂ, ਸੰਮਤ 1596, ਸੰਨ 1539 ਕਰਤਾਰਪੁਰ (ਪਾਕਿਸਤਾਨ)।

## ਮਹੀਨੇਵਾਰ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ

ਦੋਵੇਂ ਹੱਥ ਜੋੜ ਜੋਦੜੀ ਹੈ ਕਿ ਸਮੂਹ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਫਤਹਿਗੜ੍ਹ ਸਾਹਿਬ ਜੀ ਦੇ ਸਹਿਯੋਗ ਨਾਲ ਹਰ ਮਹੀਨੇ ਦੇ ਅਖੀਰਲੇ ਐਤਵਾਰ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਕੀਰਤਨ ਦਿਵਸ ਸੁਹੇਲਾ ਸਵੇਰੇ 5.00 ਤੋਂ ਸ਼ਾਮ 4.30 ਵਜੇ ਤੱਕ ਨੀਅਤ ਹੋਏ ਹਨ, ਇਸ ਲਈ ਆਏ ਦੀਦਾਰੇ ਬਖਸ਼ੋ ਜੀ।

**ਮਿਤੀ 28.11.2021 ਦਿਨ ਐਤਵਾਰ ਨੂੰ**

ਜੇਕਰ ਇਨ੍ਹਾਂ ਤਾਰੀਖਾਂ ਵਿਚ ਕੋਈ ਸੈਂਟਰਲ ਸਮਾਗਮ ਆਉਂਦਾ ਹੋਇਆ ਤਾਂ ਪ੍ਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ ਜੀ।

**ਵੱਲੋਂ :**
**ਸਮੂਹ ਸਾਧ ਸੰਗਤ ਤੇ**
**ਅਖੰਡ ਕੀਰਤਨੀ ਜੱਥਾ, ਫਤਹਿਗੜ੍ਹ ਸਾਹਿਬ**

**ਸਹਿਯੋਗੀ :**
**ਮੈਨੇਜਰ ਅਤੇ ਹੈੱਡ ਗ੍ਰੰਥੀ ਸਿੰਘ ਸਾਹਿਬ**
**ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਜੀ**

**ਮੋਬਾਇਲ** : 98150-40236, 81022-10001, 94178-10823, 98767-51085, 98763-79748, 88724-66692



# ਆਗਮਨ ਪੁਰਬ

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

## ਮਿਤੀ 17 ਨਵੰਬਰ ਤੋਂ 20 ਨਵੰਬਰ 2021

### ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ

**ਅਕਾਲ ਪੁਰਖ ਵਾਹਿਗੁਰੂ ਜੀ ਦੀ ਵਰੋਸਾਈ ਪ੍ਰਤੱਖ ਨਿਰੰਕਾਰੀ ਜੋਤ, ਸ਼ਬਦ ਸਵਰੂਪ**

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਸੰਬੰਧੀ ਆਦਿ ਜੁਗਾਦੀ ਨਾਮ ਬਾਣੀ ਦੀਆਂ ਅਸੀਸਾਂ ਪ੍ਰਾਪਤ ਕਰਨ ਲਈ ਆਇ ਦੀਦਾਰ ਬਖਸ਼ੋ ਜੀ।

**ਸਵੇਰ**

**ਮਿਤੀ 17 ਨਵੰਬਰ 2021 ਦਿਨ ਬੁੱਧਵਾਰ**

ਅੰਮ੍ਰਿਤ ਵੇਲਾ ਸਮਾਗਮ 12:00 ਤੋਂ 2:30 ਵਜੇ ਤੱਕ
ਕੀਰਤਨ ਆਸਾ ਦੀ ਵਾਰ 2:30 ਤੋਂ 5:00 ਉਪਰੰਤ ਅਰੰਭ
ਸ੍ਰੀ ਅਖੰਡ ਪਾਠ ਸਾਹਿਬ, ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 17 ਨਵੰਬਰ 2021 ਦਿਨ ਬੁੱਧਵਾਰ**

ਕੀਰਤਨ 6:30 ਤੋਂ 9:30 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸਵੇਰ**

**ਮਿਤੀ 18 ਨਵੰਬਰ 2021 ਦਿਨ ਵੀਰਵਾਰ**

ਕੀਰਤਨ ਆਸਾ ਦੀ ਵਾਰ 7:00 ਤੋਂ 12:00 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 18 ਨਵੰਬਰ 2021 ਦਿਨ ਵੀਰਵਾਰ**

ਕੀਰਤਨ 6:30 ਤੋਂ 9:30 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸਵੇਰ**

**ਮਿਤੀ 19 ਨਵੰਬਰ 2021 ਦਿਨ ਸ਼ੁੱਕਰਵਾਰ**

ਅੰਮ੍ਰਿਤ ਵੇਲਾ ਸਮਾਗਮ 12:00 ਤੋਂ 4:00 ਵਜੇ ਤੱਕ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ਸਵੇਰੇ 5:00 ਵਜੇ
ਉਪਰੰਤ ਕੀਰਤਨ ਸ੍ਰੀ ਆਸਾ ਦੀ ਵਾਰ ਦੁਪਹਿਰ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 19 ਨਵੰਬਰ 2021 ਦਿਨ ਸ਼ੁੱਕਰਵਾਰ**

ਸੋ ਦਰੁ ਦੀ ਚੌਂਕੀ ਉਪਰੰਤ ਅਰੰਭ ਕੀਰਤਨ ਰੈਣਿ ਸਬਾਈ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ
ਸਮਾਪਤੀ 20 ਨਵੰਬਰ 2021 ਸਵੇਰੇ 5 ਵਜੇ ਤੱਕ

**ਅੰਮ੍ਰਿਤ ਸੰਚਾਰ** ਮਿਤੀ 19 ਨਵੰਬਰ ਦਿਨ ਸ਼ੁੱਕਰਵਾਰ ਸ਼ਾਮ ਨੂੰ 7.00 ਵਜੇ ਹੋਵੇਗਾ।

*ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣਾ ਜੀਵਨ ਸਫਲ ਕਰੀਏ ਜੀ।*

ਮਿਤੀ 19 ਨਵੰਬਰ ਨੂੰ ਦਿਵਸ ਸੁਹੇਲਾ ਅਤੇ ਰੈਣਿ ਸਬਾਈ ਦਾ ਸਿੱਧਾ ਪ੍ਰਸਾਰਣ **www.akj.org** ਤੇ ਕੀਤਾ ਜਾਵੇਗਾ।

**ਨੋਟ** ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਲਾਇਲਪੁਰ ਖ਼ਾਲਸਾ ਸੀ. ਸੈ. ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਹੀ ਹੋਵੇਗਾ।

ਪ੍ਰਬੰਧਕੀ ਦਾਸਰੇ **ਅਖੰਡ ਕੀਰਤਨੀ ਜੱਥਾ, ਜਲੰਧਰ (ਰਜਿ.)**

**ਸੰਪਰਕ ਲਈ ਫੋਨ ਨੰਬਰ**

| ਭਾਈ ਕੁਲਵੰਤ ਸਿੰਘ | ਭਾਈ ਸੁਖਦੇਵ ਸਿੰਘ | ਭਾਈ ਜਸਬੀਰ ਸਿੰਘ | ਭਾਈ ਪੂਰਨ ਸਿੰਘ | ਭਾਈ ਬਲਜੀਤ ਸਿੰਘ | ਭਾਈ ਤਰਲੋਚਨ ਸਿੰਘ |
|---|---|---|---|---|---|
| 99150-00453 | 98140-54130 | 98722-11737 | 95010-18489 | 98159-64001 | 98554-99511 |


ਸ਼ਹੀਦੀ ਸਭਾ ਸਾਲ 2021
ਸ੍ਰੀ ਚਮਕੌਰ ਸਾਹਿਬ
ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦਿਆਂ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ (ਪੰਜਾਂ ਪਿਆਰਿਆਂ ਵਿੱਚੋਂ ਤਿੰਨ ਪਿਆਰੇ) ਅਤੇ ਚਮਕੌਰ ਦੀ ਗੜ੍ਹੀ ਦੇ ਸਮੂਹ ਲਾਸਾਨੀ ਸ਼ਹੀਦ ਸਿੰਘਾਂ ਦੀ ਯਾਦ ਵਿੱਚ
ਸਾਲਾਨਾ ਅਖੰਡ ਕੀਰਤਨ ਸਮਾਗਮ
ਮਿਤੀ 19 ਦਸੰਬਰ ਤੋਂ 23 ਦਸੰਬਰ 2021 ਸਵੇਰ ਤੱਕ
ਪ੍ਰੋਗਰਾਮ
ਮਿਤੀ 19 ਦਸੰਬਰ 2021, ਐਤਵਾਰ (5 ਪੋਹ)
ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਦਿਵਸ ਸੁਹੇਲਾ ਕੀਰਤਨ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਸਹਿਤ ਸਵੇਰੇ 5.15 ਵਜੇ ਤੋਂ ਦੁਪਹਿਰ 2.00 ਵਜੇ ਤੱਕ
ਸਥਾਨ : ਕੰਗ ਕਲੀਨਿਕ: ਕੰਗ ਕਲੀਨਿਕ, ਬੱਸ ਸਟੈਂਡ ਤੋਂ ਗੁ: ਸ੍ਰੀ ਕਤਲਗੜ੍ਹ ਸਾਹਿਬ ਜਾਣ ਵਾਲੀ ਰੋਡ ਤੇ ਸਥਿਤ ਹੈ ਵਿਖੇ ਉਪਰੋਕਤ ਸਮੁੱਚਾ ਸਮਾਗਮ ਹੋਵੇਗਾ ਜੀ (ਨਜ਼ਦੀਕ ਗੁ: ਤਾੜੀ ਸਾਹਿਬ)
ਮਿਤੀ 20 ਦਸੰਬਰ 2021, ਸੋਮਵਾਰ (6 ਪੋਹ)
ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਉਪਰੰਤ ਪ੍ਰਾਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 8.00 ਵਜੇ
22 ਦਸੰਬਰ 2021, ਬੁੱਧਵਾਰ (8 ਪੋਹ)
ਸ੍ਰੀ ਅਖੰਡ ਸਾਹਿਬ ਜੀ ਦੇ ਭੋਗ ਉਪਰੰਤ ਦਿਵਸ ਸੁਹੇਲਾ ਕੀਰਤਨ ਦੁਪਹਿਰ 1.00 ਵਜੇ ਤੱਕ
ਗੁਰਦਆਰਾ ਸ੍ਰੀ ਕਤਲਗੜ੍ਹ ਸਾਹਿਬ, ਚਮਕੌਰ ਸਾਹਿਬ ਵਿਖੇ
ਮਿਤੀ 22 ਦਸੰਬਰ, 2021
ਬੁੱਧਵਾਰ (੮ ਪੋਹ) ਦੀ ਰਾਤ ਨੂੰ
ਸਾਲਾਨਾ ਕੀਰਤਨ ਰੈਣਿ ਸਬਾਈ
Live on : www.akj.org
ਗੁਰੂ ਪਿਆਰੇ ਜੀਓ, ਆਪ ਸਰਬੱਤ ਸੰਗਤਾਂ ਦੇ ਚਰਨਾਂ ਵਿੱਚ ਦੋਇ ਕਰ ਜੋੜ ਨਿਮਰਤਾ ਸਹਿਤ ਬੇਨਤੀ ਹੈ ਕਿ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਅਤੇ ਚਮਕੌਰ ਦੀ ਗੜ੍ਹੀ ਦੇ ਸਮੂਹ ਸ਼ਹੀਦ ਸਿੰਘਾਂ ਦੇ ਸਾਲਾਨਾ ਸ਼ਹੀਦੀ ਜੋੜ ਮੇਲ ਤੇ ਕੀਰਤਨ ਰੈਣਿ ਸਬਾਈ ਮਿਤੀ 22 ਦਸੰਬਰ, 2021 (ਬੁੱਧਵਾਰ) ਨੂੰ ਸੋਦਰੁ, ਰਹਿਰਾਸ ਦੇ ਪਾਠ ਉਪਰੰਤ ਪ੍ਰਾਰੰਭ ਹੋਣਗੇ ਅਤੇ ਸਮਾਪਤੀ 23 ਦਸੰਬਰ ਵੀਰਵਾਰ ਸਵੇਰੇ 3.30 ਵਜੇ ਹੋਵੇਗੀ ਜੀ। ਦੇਸ਼-ਵਿਦੇਸ਼ ਤੋਂ ਕੀਰਤਨੀ ਜੱਥੇ ਹਾਜ਼ਰੀ ਭਰਨਗੇ। ਆਉ ਜੀ ਹਾਜ਼ਰੀਆਂ ਭਰਕੇ ਸ਼ਹੀਦਾਂ ਨੂੰ ਪ੍ਰਣਾਮ ਕਰੀਏ ਜੀ।
ਸਮੂਹ ਪੰਥ ਖਾਲਸਾ ਅਤੇ ਸਾਧ ਸੰਗਤ ਦੀ ਚਰਨ ਧੂੜੀ ਲੋਚਦੇ ਹੋਏ
ਸਹਿਯੋਗੀ :
ਮੈਨੇਜਰ, ਮੁੱਖ ਗ੍ਰੰਥੀ ਸਾਹਿਬ ਅਤੇ ਸਮੂਹ ਸਟਾਫ
ਗੁਰਦਆਰਾ ਸ੍ਰੀ ਕਤਲਗੜ੍ਹ ਸਾਹਿਬ
ਸ੍ਰੀ ਚਮਕੌਰ ਸਾਹਿਬ
ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ (ਰਜਿ.)
ਅਤੇ ਸਹਿਯੋਗੀ ਸਮੂਹ ਅਖੰਡ ਕੀਰਤਨੀ ਜੱਥੇ
ਅਤੇ ਗੁਰੂ ਪਿਆਰੀ ਸਮੂਹ ਸੰਗਤ ਜੀਓ ਜੀ
ਸੰਪਰਕ ਨੰ: 9988381739, 98726-33388,93160-23874, 94642-67956, 98889-51166

## ‘ਆਤਮ ਰੰਗ’ ਮਾਸਿਕ ਪੱਤਰ ਲਈ ਹੇਠ ਲਿਖੇ ਸੱਜਣਾਂ ਪਾਸ ਚੰਦੇ ਜਮ੍ਹਾਂ ਕਰਾਏ ਜਾ ਸਕਦੇ ਹਨ

- ਅੰਮ੍ਰਿਤਸਰ – (ੳ) ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ। ਫ਼ੋਨ : (0183) 2545787
  (ਅ) ਭਾਈ ਜੋਰਾਵਰ ਸਿੰਘ ਜੀ 1146/1, ਗਲੀ ਪਹਿਲਵਾਨਾਂ ਵਾਲੀ ਬਜ਼ਾਰ ਰਾਮ ਬਾਗ, ਅੰਮ੍ਰਿਤਸਰ।
  ਮੋਬਾਇਲ : 9988787083
- ਧਾਰੀਵਾਲ – ਭਾਈ ਦਵਿੰਦਰ ਸਿੰਘ, ਜੀ. ਟੀ. ਰੋਡ, ਰਣੀਆਂ, ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ। ਫ਼ੋਨ : (01874) 276555
- ਜਲੰਧਰ – (ੳ) ਭਾਈ ਬਲਜੀਤ ਸਿੰਘ ਜੀ, ਐਡਵੋਕੇਟ ਸਾਹਿਬ, ਮਕਾਨ ਨੰ. 16, ਗੰਗਾ ਰੋਡ, ਜਲੰਧਰ ਕੈਂਟ। ਮੋਬਾਇਲ – 9815964001
- ਦਿਆਲਪੁਰ – ਮਾ. ਗੁਰਬਚਨ ਸਿੰਘ, ਪਿੰਡ ਤੇ ਡਾਕ. ਦਿਆਲਪੁਰ (ਕਪੂਰਥਲਾ)। ਫ਼ੋਨ : 0181-2736644, 9988802622, 9815081102
- ਹੁਸ਼ਿਆਰਪੁਰ – (ੳ) ਜਥੇ. ਪਰਮਜੀਤ ਸਿੰਘ, ਵਿਵੇਕ ਵਿਹਾਰ, ਨਿਊ ਸਿਵਲ ਲਾਈਨ, ਵਾਰਡ ਨੰ. 14, ਹੁਸ਼ਿਆਰਪੁਰ। ਮੋ. : 98151-31079
- ਬੁਲੋਵਾਲ (ਹੁਸ਼ਿਆਰਪੁਰ) – ਭਾਈ ਸੁਖਦੇਵ ਸਿੰਘ, V.P.O. ਬਰਿਆਨਾ via ਹਰਿਆਨਾ। ਮੋਬਾਇਲ 98728-01208
- ਕਪੂਰਥਲਾ – ਡਾ. ਸਵਿੰਦਰ ਸਿੰਘ, ਪਿੰਡ ਤੇ ਡਾਕਖਾਨਾ ਨਡਾਲਾ। ਫ਼ੋਨ : (01822) 324811, ਮੋਬਾਇਲ : 98156-67757
- ਲੁਧਿਆਣਾ – (ਅ) ਭਾਈ ਵਜ਼ੀਰ ਸਿੰਘ, ਮਕਾਨ ਨੰ. 125, ਮੁਹੱਲਾ ਗੋਬਿੰਦਪੁਰਾ, ਰੇਲਵੇ ਰੋਡ, ਦੁਰਾਹਾ ਮੰਡੀ। ਫ਼ੋਨ : 01628-256161
- ਮੋਗਾ – (ੳ) ਭਾਈ ਪਰਮਿੰਦਰ ਸਿੰਘ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ। ਫ਼ੋਨ : 01636-226400, 9417309460, 9530718001
  (ਅ) ਭਾਈ ਨਿਧਾਨ ਸਿੰਘ ਇੰਦਰ ਸਿੰਘ, 1004/6, ਗਿੱਲ ਨਗਰ, ਦੁਸਾਂਝ ਰੋਡ। ਮੋ. 94171-76032
- ਮੁਕਤਸਰ – ਭਾਈ ਮਹਿੰਦਰ ਸਿੰਘ ਜੀ, ਗਲੀ ਨੰ. 22, ਗੋਨੇਆਣਾ ਰੋਡ, ਸ੍ਰੀ ਮੁਕਤਸਰ ਸਾਹਿਬ। ਮੋ. 94636-47265
- ਸੰਗਰੂਰ – ਭਾਈ ਤੇਜਿੰਦਰ ਸਿੰਘ ਜੀ, ਮੁਨਸੀਵਾਲਾ। ਮੋ. 98558-78292, 94170-78292
- ਬਠਿੰਡਾ – ਭਾਈ ਗੋਬਿੰਦ ਸਿੰਘ, ਮਕਾਨ ਨੰ. 7819, ਨੇੜੇ ਡੰਗਰਾਂ ਵਾਲਾ ਹਸਪਤਾਲ। ਮੋ. 94171-64180
- ਧੂਰੀ (ਸੰਗਰੂਰ) – ਭਾਈ ਹਰਭਜਨ ਸਿੰਘ, ਨੇੜੇ ਵੀਨਸ ਗੈਸ ਏਜੰਸੀ, ਗੁਰਦੁਆਰਾ ਨਾਨਕਸਰ। ਫ਼ੋਨ : (01675) 265067
- ਪਟਿਆਲਾ – (ੳ) ਭਾਈ ਪ੍ਰੀਤਮ ਸਿੰਘ ਫ਼ਾਰਮੇਸਿਸਟ ਵੈਟਰੀਨਰੀ ਹਸਪਤਾਲ। ਫ਼ੋਨ : (0175) 2206576
  (ਅ) ਪ੍ਰਿੰਸੀਪਲ ਗੁਰਮੁਖ ਸਿੰਘ, 257, ਮੁਹੱਲਾ ਡੋਗਰਾਂ, ਨੇੜੇ ਗੁਰਦੁਆਰਾ ਦਰਸ਼ਨੀ ਦਰਬਾਰ। ਫ਼ੋਨ : (0175) 2209082
- ਫਤਿਹਗੜ੍ਹ ਸਾਹਿਬ/ਸਰਹਿੰਦ (ੳ) ਭਾਈ ਅਮਰਜੀਤ ਸਿੰਘ ਜੀ ਨੰਦਪੁਰ ਕਲੌੜ, ਭਾਈ ਤਜਿੰਦਰ ਸਿੰਘ ਜੀ ਡਾਲੋਮਾਜਰੇ ਵਾਲੇ।
- ਦੋਰਾਹਾ ਭਾਈ ਵਜੀਰ ਸਿੰਘ ਦੋਰਾਹਾ। ਫੋਨ : 01628-642133, 98140-97699
  ਭਾਈ ਹਰਦੇਵ ਸਿੰਘ ਜੀ, ਜੈਪੁਰਾ ਰੋਡ, ਸੁੰਦਰ ਨਗਰ, ਦੋਰਾਹਾ ਮੰਡੀ, ਮਕਾਨ ਨੰ. 396, ਦੋਰਾਹਾ (ਲੁਧਿਆਣਾ) (95924-60237)
- ਫਗਵਾੜਾ/ਬੰਗਾ/ਨਵਾਂ ਸ਼ਹਿਰ – ਭਾਈ ਜਸਵਿੰਦਰ ਸਿੰਘ ਕਾਹਮਾ, ਕੋ-ਆਪਰੇਟਿਵ ਸ਼ੂਗਰ ਮਿਲ, ਬੰਗਾ-ਚੰਡੀਗੜ੍ਹ ਰੋਡ, ਨਵਾਂ ਸ਼ਹਿਰ। ਫ਼ੋਨ : 9463064005
- ਸਹੋੜਾ/ਕੁਰਾਲੀ – ਡਾ. ਰਣਜੀਤ ਸਿੰਘ, ਪਿੰਡ ਸਹੋੜਾ, ਜ਼ਿਲਾ ਮੋਹਾਲੀ। ਸੰਪਰਕ 97796-37757
- ਖਰੜ – ਭਾਈ ਅਜੀਤ ਸਿੰਘ, ਮਕਾਨ ਨੰ. 73, ਵਾਰਡ ਨੰ. 2, ਦਸ਼ਮੇਸ਼ ਇਨਕਲੇਵ, ਮੁੰਡੀ ਖਰੜ। ਮੋਬਾਇਲ : 94178-89320
- ਦੇਸੂਮਾਜਰਾ – ਭਾਈ ਜਸਪਾਲ ਸਿੰਘ ਜੀ, ਦੇਸੂਮਾਜਰਾ (ਗੁਰਦੁਆਰਾ ਸਾਹਿਬ ਦੇ ਨਾਲ)। ਮੋਬਾਇਲ : 9888581426
- ਰੋਪੜ – ਭਾਈ ਰਾਮ ਸਿੰਘ, ਐੱਸ.ਸੀ.ਐੱਫ 47, ਨਿਊ ਗਰੇਨ ਮਾਰਕੀਟ, ਨੇੜੇ ਗੁਰਦੁਆਰਾ ਭੱਠਾ ਸਾਹਿਬ (ਰੋਪੜ), ਫ਼ੋਨ : 9855064310
- ਅਨੰਦਪੁਰ ਸਾਹਿਬ – ਭਾਈ ਹਰਮੋਹਨ ਸਿੰਘ ਜਸਵਿੰਦਰ ਸਿੰਘ, ਦੁਕਾਨ ਨੰ. 4, ਗੁਰਦੁਆਰਾ ਕੇਸਗੜ੍ਹ ਸਾਹਿਬ ਬਿਲਡਿੰਗ। ਫ਼ੋਨ : 33511
  ਭਾਈ ਪ੍ਰਿਤਪਾਲ ਸਿੰਘ, ਗੁ. ਕਲਗੀਧਰ ਕੀਰਤਨ ਦਰਬਾਰ, ਕਿਲਾ ਲੋਹਗੜ੍ਹ ਰੋਡ, ਅਨੰਦਪੁਰ ਸਾਹਿਬ, ਸੰਪਰਕ – 98153-01010
- ਚੰਡੀਗੜ੍ਹ/ਮੋਹਾਲੀ – ਭਾਈ ਫੌਜਿੰਦਰ ਸਿੰਘ, 166, ਫੇਜ਼-4, ਮੋਹਾਲੀ। ਫ਼ੋਨ : 4622455
- ਅੰਬਾਲਾ ਕੈਂਟ – ਭਾਈ ਪ੍ਰਿਤਪਾਲ ਸਿੰਘ, 43, ਗੋਬਿੰਦ ਨਗਰ। ਫ਼ੋਨ : (0171) 2651759, 94160-94103
- ਯਮਨਾ ਨਗਰ/ਜਗਾਧਰੀ – (ੳ) ਭਾਈ ਜਤਿੰਦਰਪਾਲ ਸਿੰਘ, 76-L ਮਾਡਲ ਟਾਊਨ। ਫ਼ੋਨ : (01732) 230728
  (ਅ) ਭਾਈ ਦਵਿੰਦਰ ਸਿੰਘ, 525, ਲੋਹਾਰਾ ਮੁਹੱਲਾ, ਜਗਾਧਰੀ। ਫ਼ੋਨ : 9315683044
- ਦਿੱਲੀ – (ੳ) ਭਾਈ ਅਰਵਿੰਦਰ ਸਿੰਘ (ਰਾਜਾ) S-1/162 ਰਾਜਾ ਸਿੰਘ ਪੁਰਾਣਾ ਮਹਾਂਵੀਰ ਮਾਰਗ, ਤਿਲਕ ਨਗਰ। ਫ਼ੋਨ : 98183-43498
  (ਅ) ਭਾਈ ਹਰਪ੍ਰੀਤ ਸਿੰਘ J6/99 ਰਾਜੌਰੀ ਗਾਰਡਨ। ਫ਼ੋਨ : (011) 5110418
  (ੲ) Bhai Harjinder Singh ਤੇਲ ਵਾਲੇ, 10/459, ਮਹੱਲਾ ਰਾਮਗੜ੍ਹ, ਦਿੱਲੀ – 110031। ਮੋਬਾਈਲ – 98990-06748
- ਮੇਰਠ ਕੈਂਟ – ਭਾਈ ਪ੍ਰਦੀਪ ਸਿੰਘ ਜੀ, A87, ਸ਼ਾਰਧਾਪੁਰੀ, ਫੇਜ਼ II ਕੰਕਰਖੇੜਾ, ਫ਼ੋਨ : 0121-2558720 ਭਾਈ ਇਕਬਾਲ ਸਿੰਘ ਜੀ,
- ਬਰੇਲੀ – ਭਾਈ ਸੁਰਿੰਦਰ ਸਿੰਘ, Paras Traders, 140 Officers Enclave, Katamchari Nagar. (M) : 98970-04111
- ਜੈਪੁਰ – ਭਾਈ ਹਰਿਜੀਤ ਸਿੰਘ, 69/59, V.P. Road, Mansrovar, Jaipur, 09928430000
- ਮੁੰਬਈ – Bhai Hari Singh, Flat 1-4, Type C-5, Bldg. 10, Sector 5, C-B-D Belapur Gangotri Apt, New Mumbai-400614, Phone : 27564336
- ਕਾਨਪੁਰ – (ੳ) ਭਾਈ ਇੰਦਰਪਾਲ ਸਿੰਘ, ਨਨਕਾਨਾ ਟੈਕਸਟਾਈਲ, 10-ਜੰਗਾਨਾ ਮਾਰਕੀਟ, ਜੈਨਰਲ ਗੰਜ। ਫ਼ੋਨ 363431
  (ਅ) ਭਾਈ ਹਰਜਿੰਦਰ ਸਿੰਘ ਜਸਵਿੰਦਰ ਸਿੰਘ, ਮਕਾਨ ਨੰ. 94/2, ਲਿਵਰ ਕਲੋਨੀ, ਗੋਬਿੰਦ ਨਗਰ। ਮੋਬਾਈਲ – 80526-58989
- ਸ਼ਿਮਲਾ – Bhai Amardeep Singh, Sri Niwas, May Field Estate, Near Lalpani School of boys, Below Bus Stand. Mobile : 9857487898
- ਪਟਨਾ ਸਾਹਿਬ (ਬਿਹਾਰ) – ਭਾਈ ਰਣਜੀਤ ਸਿੰਘ, Nancy Traders (Calenders Wale), Khaje Kalan, Mob.: 7352668959, 9334242679
- U.S.A. - (1) Bhai Swaran Singh, 8142, Houghton Road, Bakersfield, CA 93311. Ph. : 661-836-1469
  (2) Bibi Gurcharan Kaur, 904, SAN RAMON AVE., HUNTSVILLE AL 35802. Ph. : 256-883-6798
- Australia - (1) Bhai Amarjit Singh, Bibi Rajinder Kaur, 11 Frasca Place, Kellyville NSW 2155, Sydney, Australia. Phone : 0061-296297868, Mobile : 0414-911-368-153-155
  - (2) Er. Jatinderpal Singh Grewal, 3, Butson Road, Leeming-6149 (W.A.) Phone: 00618-61618473
  (3) Bhai Harjeet Singh, 16, Willinga Avenue, Kiliyville Ridge, NSW, Australia, Ph.: +91 98554-59311
- England - Bh. Jasbir Singh 10 Standbridge Way, Tipton West Midlands DY4 8TS U.K. 0044-7904604670
- Canada - Bhai Gurjit Singh, 928, Lake Wood, Cres Belle River, Ontario, NOR, 1HO, Canada

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥**
**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥**

















ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 11.10.2021 ਤੋਂ ਲੈ ਕੇ 17.10.2021 ਤਕ ਅਖੰਡ ਕੀਰਤਨੀ ਜੱਥਾ, ਦਿੱਲੀ ਵਲੋਂ, ਦਿੱਲੀ ਦੇ ਵਖੋ-ਵੱਖ ਇਤਿਹਾਸਿਕ ਗੁਰਦੁਆਰਿਆਂ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀਆਂ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲਾ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

Registered with the Registrar
of News Papers of India
Regd. No. R-70727/99

# ATAM RANG
November- 2021

Postal Regd. No.
CHDG/0025/2021-23

## ਇਕ ਅਭੁਲ ਯਾਦ ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ, ਚੰਡੀਗੜ੍ਹ



ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਸਾਬਕਾ ਮੁੱਖ ਸੰਪਾਦਕ, ਆਤਮ ਰੰਗ ਮੈਗਜੀਨ ਤੇ ਮੁੱਖ ਸੇਵਾਦਾਰ, ਆਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ

Design & Print: Jai Offset Printers 0172-4616905